The Simritees and the Shaastras discriminate between good and evil, but they do not know the true essence of reality.

**ਸਿਮ੍ਰਿਤ ਸਾਸਤ੍ਰ ਪੁੰਨ ਪਾਪ ਬੀਚਾਰਦੇ ਤਤੈ ਸਾਰ ਨ ਜਾਣੀ ॥**
ਤਤੈ ਸਾਰ ਨ ਜਾਣੀ ਗੁਰੂ ਬਾਝਹੁ ਤਤੈ ਸਾਰ ਨ ਜਾਣੀ ॥
ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ ॥ (ਪੰਨਾ-920)

**ਕਲਿ ਮਹਿ ਏਹੋ ਪੁੰਨੁ ਗੁਣ ਗੋਵਿੰਦ ਗਾਹਿ ॥** (ਪੰਨਾ-962)

**ਪਾਪ ਪੁੰਨ ਵਰਤੈ ਸੰਸਾਰਾ ॥**
**ਹਰਖੁ ਸੋਗੁ ਸਭੁ ਦੁਖੁ ਹੈ ਭਾਰਾ ॥** (ਪੰਨਾ-1052)

ਗੁਰਬਾਣੀ ਦੀਆਂ ਇਹਨਾਂ ਪੰਗਤੀਆਂ ਤੋਂ ਪਤਾ ਲਗਦਾ ਹੈ ਕਿ **'ਪੁੰਨ-ਪਾਪ'** ਸਿਰਫ ਇਸ ਮਾਇਕੀ ਦੁਨੀਆਂ ਅਰਥਾਤ **ਤ੍ਰੈ-ਗੁਣਾਂ ਦੀ ਹੀ ਕਲਪਨਾ ਹੈ।** ਇਹ ਕਲਪਨਾ ਉਦੋਂ ਤਾਈਂ ਰਹੇਗੀ ਜਦ ਤਾਈਂ ਜੀਵ ਆਪਣੇ ਕੇਂਦਰ, ਤੱਤ-ਰੂਪ **'ਆਪੇ' ਨੂੰ ਨਹੀਂ ਪਹਿਚਾਣਦਾ।**

ਇਸ **'ਤੱਤ-ਰੂਪ'** ਨੂੰ ਗੁਰਬਾਣੀ ਵਿਚ 'ਆਪਾ,' 'ਸ਼ਬਦ,' 'ਨਾਮ' ਆਦਿ ਨਾਵਾਂ ਨਾਲ ਦਰਸਾਇਆ ਗਿਆ ਹੈ। **ਇਹ 'ਤੱਤ'** (essence) **ਰੂਪ ਹੈ,** ਇਸ ਦੀ ਪਹਿਚਾਣ ਸਾਡੀ ਬੁੱਧੀ ਦੀ ਪਕੜ ਤੋਂ ਪਰੇ ਹੈ। ਇਸ ਸੂਖਮ ਤੋਂ ਸੂਖਮ 'ਤੱਤ' ਨੂੰ **ਸਿਰਫ ਆਤਮਿਕ ਅਨੁਭਵ ਦੁਆਰਾ** ਹੀ ਜਾਣਿਆ, ਬੁੱਝਿਆ, ਚੀਨਿਆ, ਸੀਝਿਆ ਅਤੇ ਪਹਿਚਾਣਿਆ ਜਾ ਸਕਦਾ ਹੈ। **ਚੌਥੇ ਪਦ ਦੇ ਇਲਾਹੀ ਮੰਡਲ ਵਿਚ, 'ਪਾਪ-ਪੁੰਨ' ਦੀ ਕਲਪਨਾ ਓਪਰੀ ਅਤੇ ਬੇਲੋੜੀ ਹੈ।**

ਵੱਖ-ਵੱਖ ਦੇਸ਼ਾਂ ਵਿਚ, ਭਿੰਨ-ਭਿੰਨ ਲੋਕਾਂ ਦੇ **'ਪਾਪ-ਪੁੰਨ'** ਦੀਆਂ ਭਿੰਨ-ਭਿੰਨ ਕਸਵਟੀਆਂ ਹਨ। ਮਿਸਾਲ ਦੇ ਤੌਰ ਤੇ ਇਕ ਪਾਸੇ 'ਜੀਵ-ਹਤਿਆ' ਨੂੰ **ਦੀਰਘ 'ਪਾਪ'** ਸਮਝਿਆ ਜਾਂਦਾ ਹੈ। ਦੂਜੇ ਪਾਸੇ ਜੀਵਾਂ ਦੀ ਕੁਰਬਾਨੀ ਦੇਣੀ **ਪੁੰਨ ਹੀ ਨਹੀਂ, ਬਲਕਿ ਪਰਮਾਰਥ ਦੀ ਪੂਜਾ ਦਾ ਵਿਸ਼ੇਸ਼ ਅੰਗ** ਮੰਨਿਆ ਜਾਂਦਾ ਹੈ। ਸਾਡੀਆਂ ਕਚਹਿਰੀਆਂ ਵਿਚ, ਜਿਸ ਤਰ੍ਹਾਂ ਕਈ ਦਰਜੇ ਦੇ ਜੁਰਮ ਗਿਣੇ ਜਾਂਦੇ ਹਨ ਤੇ ਉਨ੍ਹਾਂ ਜੁਰਮਾਂ ਪਿਛੇ ਕਾਰਣ ਅਤੇ ਭਾਵਨਾ (motivation) ਦਾ ਖਿਆਲ ਰਖਿਆ ਜਾਂਦਾ ਹੈ। ਉਸੇ ਤਰ੍ਹਾਂ ਸਾਡੇ **ਮਾਨਸਿਕ ਪਾਪਾਂ** ਦੇ ਭਿੰਨ-ਭਿੰਨ ਦਰਜੇ ਹਨ।

ਸਾਡੇ **'ਪਾਪ'** ਤਿੰਨ ਕਿਸਮਾਂ ਵਿਚ ਵੰਡੇ ਜਾ ਸਕਦੇ ਹਨ—

**1. ਸਰੀਰਕ 'ਪਾਪ'—**

ਜਿਸ ਵਿਚ ਚੋਰੀ, ਯਾਰੀ, ਮਾਰ-ਕੁਟਾਈ ਆਦਿ ਆ ਜਾਂਦੇ ਹਨ। ਇਨ੍ਹਾਂ ਸਰੀਰਕ ਪਾਪਾਂ ਦੀ ਤਹਿ ਵਿਚ, ਪਹਿਲਾਂ **ਮਾਨਸਿਕ ਕਲਪਨਾ** ਆਉਂਦੀ ਹੈ ਤੇ ਸਰੀਰ



LEKH 98 Part 1 VICE VIRTUE

1 *The Simritees and the Shaastras discriminate between good and evil, but they do not know the true essence of reality.*
*They do not know the true essence of reality without the Guru; they do not know the true essence of reality.*
*The world is asleep in the three modes and doubt; it passes the night of its life sleeping. (920)*

2 *This is the only act of goodness in this Dark Age of Kali Yuga, to sing the Glorious Praises of the Lord of the Universe. (962)*

3 *The world is engrossed in vice and virtue. Happiness and misery are totally loaded with pain. (1052)*

From these Gurbani lines we come to know that 'virtue-vice' is just the thought of this materialistic triguni (three phased) world. This thought will remain so long as man does not recognize his centre, the essence-form, his 'self'.

This 'essence-form' is mentioned in Gurbani as 'self', 'shabad'(word), 'Naam' etc. This 'essence' is a form, the recognition of which, is beyond the reach of our intellect. This subtler of the subtlest 'essence' can only be known, discovered, discerned, researched and recognized through spiritual intuition. In the Divine realm of the fourth stage, the thought of 'vice-virtue' is superficial and unnecessary.

In different countries, different-different people have different touchstones or tests of (what is) 'vice-virtue'. As an example, on one hand 'animal-killing' is considered a serious 'sin' and on the other hand, sacrifice of lives is not only considered virtuous but is regarded as an integral part of the worship of religious pursuit. Just as in our courts, there are various types of crimes of different levels and thought is given to the motivation behind these crimes, similarly our mental sins are of different levels.

Our 'sins' can be divided into three types—

**1.Physical 'sins' – -**

This includes stealing, bad companionship, fights etc. In the folds of these physical sins, first the mental thought arises and the body just

ਤਾਂ ਸਿਰਫ ਮਨੋਂ-ਕਲਪਨਾ ਦਾ 'ਹਥਿਆਰ' ਹੀ ਬਣਦਾ ਹੈ। ਅਸਲ ਵਿਚ ਇਹ **ਮਾਨਸਿਕ ਪਾਪਾਂ** ਦੀ ਸ੍ਰੇਣੀ ਵਿਚ ਗਿਣੇ ਜਾ ਸਕਦੇ ਹਨ।

## 2. ਮਾਨਸਿਕ ਪਾਪ—

ਇਹ **ਪਾਪ** ਸਾਡੇ ਮਨ **ਦੇ** ਬੀਮਾਰ ਹੋਣ **ਜਾਂ** ਇਸ **ਦੀ** ਗਿਰਾਵਟ **ਦੇ** ਕਾਰਣ, ਨੀਵੀਆਂ ਰੁਚੀਆਂ ਤੋਂ ਉਤਪੰਨ ਹੁੰਦੇ ਹਨ। ਇਸ ਵਿਚ **ਦੋਸ਼ੀ ਤਾਂ 'ਮਨ' ਹੁੰਦਾ ਹੈ ਪਰ 'ਸਜ਼ਾ' ਸਰੀਰ ਨੂੰ ਦਿੱਤੀ ਜਾਂਦੀ ਹੈ।** ਇਹ ਦੁਨਿਆਵੀ ਕਾਨੂੰਨ ਜੋ ਮਾਨਸਿਕ ਪਾਪਾਂ ਲਈ ਸਰੀਰ ਨੂੰ ਸਜ਼ਾ ਦਿੰਦੇ ਹਨ, ਉਚਿਤ ਨਹੀਂ।

ਇਹ **ਮਾਨਸਿਕ ਰੋਗ** ਹਨ, ਤੇ ਇਨ੍ਹਾਂ ਰੋਗਾਂ ਦਾ ਇਲਾਜ **ਮਾਨਸਿਕ ਤੇ ਆਤਮਿਕ ਸਤਹਿ** ਤੇ ਹੀ ਹੋਣਾ ਚਾਹੀਦਾ ਹੈ। **'ਮਾਨਸਿਕ ਬੀਮਾਰੀ'** ਦਾ ਇਲਾਜ, **ਮਾਨਸਿਕ ਸੁਧਾਰ** ਨਾਲ ਹੀ ਹੋ ਸਕਦਾ **ਹੈ,** ਤਾਂ **ਜੋ ਮੁੜ ਕੇ ਉਹ ਪਾਪ ਨ ਕਰੇ।** ਗੁਰਮਤਿ ਅਨੁਸਾਰ **ਮਾਨਸਿਕ ਸੁਧਾਰ** ਦਾ ਸਭ ਤੋਂ ਉੱਤਮ ਤੇ **ਪੱਕਾ ਇਲਾਜ, 'ਸਾਧ ਸੰਗਤ'** ਦੇ 'ਹਸਪਤਾਲ' ਵਿਚ, ਬਾਣੀ ਤੇ **'ਨਾਮ ਅਉਖਧ'** ਨਾਲ **ਸਿਮਰਨ ਦੁਆਰਾ, ਸ਼ੀਘਰ ਤੇ ਨਿਸ਼ਚੇ ਹੀ ਹੋ ਸਕਦਾ ਹੈ।** ਬਾਕੀ ਹੋਰ ਸਾਰੇ ਇਲਾਜ ਅਧੂਰੇ, ਅਨਿਸਚਿਤ ਤੇ ਫੋਕਟ ਹਨ।

ਗੁਰਬਾਣੀ ਵਿਚ ਸਾਡੇ ਪਾਪਾਂ ਦੇ **ਛੇਤੀ** ਤੇ **ਪੱਕੇ ਇਲਾਜ ਦੇ** ਅਤੀ ਸੋਹਣੇ ਤੇ ਸੌਖੇ ਸਾਧਨ ਦਰਸਾਏ ਗਏ ਹਨ—

ਹਰਿ ਹਰਿ ਨਾਮੁ ਜਪਹੁ ਮਨ ਮੇਰੇ
ਜਿਤੁ ਸਿਮਰਤ ਸਭਿ ਕਿਲਵਿਖ ਪਾਪ ਲਹਾਤੀ ॥ (ਪੰਨਾ-88)

**ਹਰਿ ਕਾ ਨਾਮੁ ਕੋਟਿ ਪਾਪ ਖੋਵੈ ॥** (ਪੰਨਾ-264)

**ਕੋਟਿ ਅਪ੍ਰਾਧ ਸਾਧ ਸੰਗਿ ਮਿਟੈ ॥**
ਸੰਤ ਕ੍ਰਿਪਾ ਤੇ ਜਮ ਤੇ ਛੁਟੈ ॥ (ਪੰਨਾ-296)

ਭਗਤ ਜਨਾ ਕੈ ਸੰਗਿ ਪਾਪ ਗਵਾਵਣਾ ॥ (ਪੰਨਾ-652)

ਕੋਟਿ ਪਰਾਧ ਮਿਟੈ ਖਿਨ ਭੀਤਰਿ ਜਾਂ ਗੁਰਮੁਖਿ ਨਾਮੁ ਸਮਾਰੇ ॥ (ਪੰਨਾ-670)

ਨਾਮੁ ਲੈਤ ਕੋਟਿ ਅਘ ਨਾਸੇ ਭਗਤ ਬਾਛਹਿ ਸਭਿ ਧੂਰੀ ॥ (ਪੰਨਾ-672)

ਵਡੈ ਭਾਗਿ ਭੇਟੇ ਗੁਰਦੇਵਾ ॥
**ਕੋਟਿ ਪਰਾਧ ਮਿਟੇ ਹਰਿ ਸੇਵਾ ॥** (ਪੰਨਾ-683)

ਕੋਟਿ ਅਪ੍ਰਾਧੀ ਸੰਤ ਸੰਗਿ ਉਧਰੈ ਜਮੁ ਤਾ ਕੈ ਨੇੜਿ ਨ ਆਵੈ ॥ (ਪੰਨਾ-748)



becomes the 'tool' of the mind's thought. In reality these can be considered to belong to the category of of mental sins or vices.

## 2. Mental vices--

These vices sprout from low base inclinations of our mind's illness or its degradation. In this the culprit is the 'mind' but 'punishment' is given to the body. This worldly law which punishes the body for the sins of the mind is not appropriate.

These are mental illnesses and their treatment should be at the mental and spiritual level. The treatment of 'mental' illness should be carried out only with mental reform so that the same sin is not committed again. According to *gurmat* (Guru's teachings), the best and permanent treatment of mental reforms is in the 'hospital' of 'sadhsangat' (sublime congregation) in which through Bani and the 'medicine of Naam' via simran (meditation), the cure takes place fast with certainty. All other treatments are incomplete, doubtful and useless.

Gurbani mentions (some) very beautiful and easy methods of quick and permanent treatment of our sins—

1 *Chant the Name of the Lord, Har, Har, O my mind; through it, all poverty, pain and hunger shall be removed. (88)*

2 *The Name of the Lord washes off millions of sins. (264)*

3 *Millions of sins are erased, in the Company of the Holy.*
*By the Grace of the Saint, one escapes the Messenger of Death. (296)*

4 *In the congregation of the devotees, sins are eradicated. (652)*

5 *Millions of sins are eradicated in an instant when, as Gurmukh, one contemplates the Naam, the Name of the Lord. (670)*

6 *Remembering His Name, millions of sins are erased; all His devotees long for the dust of His feet. (672)*

7 *By great good fortune, one meets the Divine Guru.*
*Millions of sins are erased by serving the Lord. (683)*

8 *Millions of sinners have been saved in the Saadh Sangat, the Company of the Holy; the Messenger of Death does not even approach them. (748)*

ਏਕੁ ਧਿਆਈਐ ਸਾਧ ਕੈ ਸੰਗਿ ॥
**ਪਾਪ ਬਿਨਾਸੇ ਨਾਮ ਕੈ ਰੰਗਿ ॥** (ਪੰਨਾ-900)

ਨਾਮੁ ਲੈਤ ਪਾਪੁ ਤਨ ਤੇ ਗਇਆ ॥ (ਪੰਨਾ-1142)

ਸੰਤ ਮੰਡਲ ਮਹਿ ਪਾਪ ਬਿਨਾਸਨੁ ॥ (ਪੰਨਾ-1146)

ਰਾਮਨਾਮ ਰਸਿ ਰਹੈ ਅਘਾਇ ॥
**ਕੋਟ ਕੋਟੰਤਰ ਕੇ ਪਾਪ ਜਲ ਜਾਹਿ ॥** (ਪੰਨਾ-1175)

ਸਾਧੂ ਕੀ ਜਉ ਲੇਹਿ ਓਟ ॥
ਤੇਰੇ ਮਿਟਹਿ ਪਾਪ ਸਭ ਕੋਟਿ ਕੋਟਿ ॥ (ਪੰਨਾ-1196)

ਕਟੇ ਪਾਪ ਅਸੰਖ ਨਾਵੈ ਇਕ ਕਣੀ ॥ (ਪੰਨਾ-1283)

ਸਭਿ ਕਹਹੁ ਮੁਖਹੁ ਹਰਿ ਹਰਿ ਹਰੇ ਹਰਿ ਹਰਿ ਹਰੇ
**ਹਰਿ ਬੋਲਤ ਸਭਿ ਪਾਪ ਲਹੋਗੀਆ ॥** (ਪੰਨਾ–1313)

ਗੁਰਬਾਣੀ ਵਿਚ ਸਾਨੂੰ ਇਨ੍ਹਾਂ **'ਪਾਪਾਂ' ਤੋਂ ਬਚਣ ਦੀ ਤਾੜਨਾ** ਇਉਂ ਕੀਤੀ ਗਈ ਹੈ—

ਅਨਿਕ ਪੜਦੇ ਮਹਿ ਕਮਾਵੈ ਵਿਕਾਰ ॥
ਖਿਨ ਮਹਿ ਪ੍ਰਗਟ ਹੋਹਿ ਸੰਸਾਰ ॥ (ਪੰਨਾ-194)

ਜਿਸੁ ਪਾਸਿ ਲੁਕਾਇਦੜੋ ਸੋ ਵੇਖੀ ਸਾਥੈ ॥ (ਪੰਨਾ-461)

ਜਿਤੁ ਕੀਤਾ ਪਾਈਐ ਆਪਣਾ ਸਾ ਘਾਲ ਬੁਰੀ ਕਿਉ ਘਾਲੀਐ ॥
ਮੰਦਾ ਮੂਲਿ ਨ ਕੀਚਈ ਦੇ ਲੰਮੀ ਨਦਰਿ ਨਿਹਾਲੀਐ ॥ (ਪੰਨਾ-474)

ਤੂੰ ਵਲਵੰਚ ਲੂਕਿ ਕਰਹਿ ਸਭ ਜਾਣੈ ਜਾਣੀ ਰਾਮ ॥
ਲੇਖਾ ਧਰਮ ਭਇਆ ਤਿਲ ਪੀੜੇ ਘਾਣੀ ਰਾਮ ॥ (ਪੰਨਾ-546)

ਨਾਨਕ ਅਉਗੁਣ ਜੇਤੜੇ ਤੇਤੇ ਗਲੀ ਜੰਜੀਰ ॥ (ਪੰਨਾ-595)

ਲੂਕ ਕਰਤ ਬਿਕਾਰ ਬਿਖੜੇ ਪ੍ਰਭ ਨੇਰਹੂ ਤੇ ਨੇਰਿਆ ॥ (ਪੰਨਾ-704)

ਜਾਨਿ ਬੂਝ ਕੈ ਬਾਵਰੇ ਤੈ ਕਾਜੁ ਬਿਗਾਰਿਓ ॥
ਪਾਪ ਕਰਤ ਸੁਕਚਿਓ ਨਹੀ ਨਹ ਗਰਬ ਨਿਵਾਰਿਓ ॥ (ਪੰਨਾ-727)

ਕਰਿ ਕਰਿ ਪਾਪ ਦਰਬੁ ਕੀਆ ਵਰਤਣ ਕੈ ਤਾਈ ॥
ਮਾਟੀ ਸਿਉ ਮਾਟੀ ਰਲੀ ਨਾਗਾ ਉਠਿ ਜਾਈ ॥ (ਪੰਨਾ-809)



1 *Meditate on the One Lord in the Saadh Sangat, the Company of the Holy.*
*The sins are erased through the hue of the Naam* *(900)*

2 *Repeating the Naam, sin is banished from the body.* *(1142)*

3 *In the Realm of the Saints, sins are destroyed.* *(1146)*

4 *and you shall remain satisfied by the sublime essence of the Lord's Name.*
*The sins of millions upon millions of lifetimes shall be burnt away. (1175)*

5 *If you seek the Support of the Holy,*
*millions upon millions of your sins shall be totally erased.* *(1196)*

6 *Countless sins are erased, by even a tiny particle of the Lord's Name. (1283)*

7 *Let everyone chant together the Name of the Lord, Har, Har, Haray, Har, Har, Haray;*
*chanting Har, all sins are washed away.* *(1313)*

We are given warning of avoiding these 'sins' in Gurbani as follows---

8 *Hiding behind many screens, they commit acts of corruption,*
*but in an instant, they are revealed to all the world.* *(194)*

9 *And the One, from whom you hide these actions - He sees them, and is always with you.* *(461)*

10 *Why do you do such evil deeds, that you shall have to suffer so?*
*Do not do any evil at all; look ahead to the future with foresight.(474)*

11 *You are practicing deception secretly, but the Lord, the Knower, knows all.*
*When the Righteous Judge of Dharma reads your account, you shall be squeezed like a sesame seed in the oil-press.* *(546)*

12 *O Nanak, as many as are the sins one commits, so many are the chains around his neck.* *(595)*

13 *Secretly, I commit hideous sins of corruption, even though God is the nearest of the near.* *(704)*

14 *Know this well, O madman - you have ruined your affairs.*
*You did not restrain yourself from committing sins, and you did not eradicate your ego.* *(727)*

15 *You commit sins again and again, to gather wealth to spend.*
*But your dust shall mix with dust; you shall arise and depart naked.* *9809)*

ਪਾਪ ਕਰੇਦੜ ਸਰਪਰ ਮੁਠੇ ॥ ਅਜਰਾਈਲਿ ਫੜੇ ਫੜਿ ਕੁਠੇ ॥
ਦੋਜਕਿ ਪਾਏ ਸਿਰਜਣਹਾਰੈ ਲੇਖਾ ਮੰਗੈ ਬਾਣੀਆ ॥ (ਪੰਨਾ-1019)

ਪਾਪੀ ਕਾ ਘਰੁ ਅਗਨੇ ਮਾਹਿ ॥
ਜਲਤ ਰਹੈ ਮਿਟਵੈ ਕਬ ਨਾਹਿ ॥ (ਪੰਨਾ-1165)

ਕਬੀਰ ਜੇਤੇ ਪਾਪ ਕੀਏ ਰਾਖੇ ਤਲੈ ਦੁਰਾਇ ॥
ਪਰਗਟ ਭਏ ਨਿਦਾਨ ਸਭ ਜਬ ਪੂਛੇ ਧਰਮਰਾਇ ॥ (ਪੰਨਾ-1370)

ਕਬੀਰ ਮਨੁ ਜਾਨੈ ਸਭ ਬਾਤ ਜਾਨਤ ਹੀ ਅਉਗਨੁ ਕਰੈ ॥
ਕਾਹੇ ਕੀ ਕੁਸਲਾਤ ਹਾਥਿ ਦੀਪੁ ਕੂਏ ਪਰੈ ॥ (ਪੰਨਾ-1376)

ਪਰਮੇਸ਼ਰ ਨੇ ਆਪਣੀ **'ਮੌਜ'** ਵਿਚ ਇਸ ਸੰਸਾਰ ਦੀ **ਕਵਾਉ** ਦੁਆਰਾ ਰਚਨਾ ਕੀਤੀ ਤੇ ਇਸ ਨੂੰ ਚਾਲੂ ਰਖਣ ਲਈ, ਅਤਿ ਹੀ ਸੂਖਮ, ਅਟੱਲ, ਪੂਰਨ ਨਿਯਮ ਬੱਧ ਅਸੂਲ ਜਾਂ **ਕਾਨੂੰਨ ਬਣਾਏ ਹਨ।** ਇਹਨਾਂ ਇਲਾਹੀ ਨਿਯਮਾਂ ਨੂੰ ਬਾਣੀ ਵਿਚ 'ਰਜ਼ਾ', **'ਹੁਕਮ' ਜਾਂ 'ਭਾਣਾ' ਕਿਹਾ ਗਿਆ ਹੈ।**

ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥
ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥ (ਪੰਨਾ-1)

ਇਹ ਇਲਾਹੀ ਹੁਕਮ ਅਪਣੇ ਆਪ ਵਿਚ ਇਤਨਾ ਪੂਰਨ, ਨੁਕਸਹੀਣ, ਅਭੁਲ, ਅਪਾਰ, ਲਾਭਦਾਇਕ ਤੇ ਸੁਖਦਾਈ ਹੈ ਕਿ ਇਸ ਵਿਚ ਕਦੇ **ਤਰਮੀਮ ਅਥਵਾ ਬਦਲੀ** ਕਰਨ ਦੀ ਲੋੜ ਨਹੀਂ ਜਾਪੀ। ਜਦ ਇਹ ਇਲਾਹੀ **'ਹੁਕਮ'** (Divine will) ਇਤਨਾ ਮੁਕੰਮਲ, ਲਾਭਦਾਇਕ ਤੇ ਸੁਖਦਾਈ ਹੈ ਤਾਂ ਜੀਵਾਂ ਲਈ ਅਪਣੇ ਜੀਵਨ ਨੂੰ ਸੁਖੀ ਤੇ ਖੁਸ਼ਹਾਲ ਰਖਣ ਲਈ, ਮੁਕੰਮਲ ਤੌਰ ਤੇ ਇਸ **ਹੁਕਮ ਦੀ ਰਵਾਨਗੀ ਦੇ 'ਸੁਰ'** (intune) **ਵਿਚ ਰੁੜ੍ਹੀ ਜਾਣਾ ਚਾਹੀਦਾ ਹੈ,** ਤੇ ਇਸ ਤਰ੍ਹਾਂ 'ਆਤਮਿਕ ਰੌਂ' ਦੇ ਅਧੀਨ ਹੋ ਕੇ **'ਭਾਣੇ'** ਵਿਚ ਰਹਿਣਾ ਚਾਹੀਦਾ ਹੈ। ਇਹ 'ਹੁਕਮ' ਹਰ ਇਕ ਜੀਵ ਦੇ **'ਨਾਲ'** ਹੀ ਲਿਖਿਆ ਹੋਇਆ ਹੈ।

ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥ (ਪੰਨਾ-1)

ਸਿਵਾਏ ਇਨਸਾਨਾਂ ਦੇ, ਬਾਕੀ ਸਭ ਜੂਨਾਂ ਇਸ 'ਨਾਲ' ਲਿਖੇ 'ਹੁਕਮ' ਦੇ **ਸੁਰ ਵਿਚ** ਜੀਵਨ ਬਤੀਤ ਕਰਦੀਆਂ ਹਨ। ਪਰ ਇਨਸਾਨ, ਅਪਣੀ ਬੁੱਧੀ ਦੇ ਆਸਰੇ, ਅਪਣੇ ਆਪ ਨੂੰ **ਸਿਆਣਾ** ਸਮਝਦਾ ਹੈ ਤੇ ਰੱਬੀ **ਹੁਕਮ ਤੋਂ ਅਣਜਾਣ ਜਾਂ ਅਵੇਸਲਾ ਹੋ ਕੇ ਬੇਸੁਰਾ** (out of tune) ਹੋਇਆ ਹੈ। ਇਸੇ ਕਰਕੇ ਇਨਸਾਨ ਹੀ ਇਕੋ ਜੂਨ ਹੈ, ਜੋ **ਆਪਣੀ ਬੁੱਧੀ ਤੇ ਹਉਮੈ ਦੇ ਕਾਰਨ** ਹਰ ਕਿਸਮ ਦੇ ਦੁਖ ਤੇ ਕਲੇਸ਼ ਭੋਗਦਾ ਹੋਇਆ **ਰਸਾਤਲ ਵਲ ਜਾ ਰਿਹਾ ਹੈ।** ਇਹ ਇਨਸਾਨ ਲਈ ਇਕ **ਗੰਭੀਰ ਸਮੱਸਿਆ** (serious tragedy) **ਹੈ,**



1 *Those who committed sins are sure to be ruined. Azraa-eel, the Angel of Death, seizes and tortures them. They are consigned to hell by the Creator Lord, and the Accountant calls them to give their account. (1019)*

2 *The home of the sinner is on fire.*
*It keeps burning, and the fire cannot be extinguished. (1165)*

3 *Kabeer, whatever sins the mortal has committed, he tries to keep hidden under cover. But in the end, they shall all be revealed, when the Righteous Judge of Dharma investigates. (1370)*

4 *Kabeer, the mortal knows everything, and knowing, he still makes mistakes.*
*What good is a lamp in one's hand, if he falls into the well? (1376)*

The Supreme Lord in His 'joyousness' created this world through His command and to keep it functioning, He made very subtle, eternal, perfect systematic principles or laws. These Divine rules are referred to in Gurbani as'razaa', 'order', or 'Will' command'.

5 *Everyone is subject to His Command; no one is beyond His Command.*
*O Nanak, one who understands His Command, does not speak in ego. 1*

This Divine command is in itself so perfect, faultless, unerring, boundless, beneficial and comfort-giving that the need to amend or change it has never been felt. As this 'Divine will' is so complete, beneficial and comfort-giving , human beings should flow wholly 'in tune' with this Divine Will to keep their lives peaceful and happy and subjecting themselves to the 'spiritual current' they should live according to 'His Will'. This 'command' is in fact written or inlaid in every living being.

6 *O Nanak, it is written that you shall obey the Hukam of His Command, and walk in the Way of His Will. (1)*

Except for human beings, all other creatures pass their lives in tune with the 'inlaid command'. But man, depending on his intellect, regards himself as clever and becoming ignorant or indifferent towards Divine command is now out of tune (with it). For this reason, he is the one and only one creature who, due to his intellect and egotism, experiencing every conceivable type of hardship and suffering is moving towards hell. This is a serious tragedy for man

ਕਿ ਇਹ ਸਾਰੀਆਂ ਜੂਨਾਂ ਦਾ **ਸਿਰ-ਤਾਜ** ਹੁੰਦਾ ਹੋਇਆ ਤੇ ਬੇਅੰਤ ਬੁੱਧੀ ਤੇ **ਸੋਚਣ-ਸ਼ਕਤੀ ਦਾ ਮਾਲਕ ਹੁੰਦਿਆਂ, ਇਹੋ ਜੇਹੀ ਅਧੋਗਤੀ ਨੂੰ ਪ੍ਰਾਪਤ ਹੈ।** ਜਿਸ ਤੇ ਬੜਾ **ਅਫਸੋਸ** ਭੀ ਹੁੰਦਾ ਹੈ ਤੇ '**ਹਾਸਾ**' ਭੀ ਆਉਂਦਾ ਹੈ।

ਅਸਲ ਵਿਚ ਇਸ **ਨਾਲ ਲਿਖੇ 'ਹੁਕਮ' ਤੋਂ ਬੇਸੁਰੇ ਹੋ ਕੇ ਹੀ, ਅਪਣੀ ਹਉਮੈ ਦੇ ਅਧੀਨ** ਪੰਜ ਚੋਰ—ਕਾਮ ਕ੍ਰੋਧ, ਲੋਭ, ਮੋਹ ਤੇ ਹੰਕਾਰ ਦੇ ਸ਼ਿਕਾਰ ਹੋ ਕੇ ਹੀ ਆਸ਼ਾ, ਮਨਸ਼ਾ ਤੇ ਤ੍ਰਿਸ਼ਨਾ ਦੇ **ਨੀਵੇਂ ਖਿਆਲ** ਉਪਜਦੇ ਹਨ, ਜਿਹੜੇ ਸਾਰੇ ਨੀਵੇਂ ਕਰਮਾਂ ਤੇ **'ਪਾਪਾਂ' ਦੇ ਮੂਲ ਕਾਰਣ ਹਨ।**

ਇਸ ਦਾ ਮਤਲਬ ਇਹ ਹੋਇਆ ਕਿ ਸਾਡੇ **ਪਾਪਾਂ ਦਾ ਮੁਢਲਾ ਤੇ ਅਸਲੀ ਕਾਰਣ, ਸਾਡਾ 'ਹੁਕਮ' ਤੋਂ ਬੇਮੁਖ ਜਾਂ 'ਬੇਸੁਰੇ' ਹੋਣਾ ਹੀ ਹੈ।** ਜਦ ਅਸੀਂ ਰੱਬੀ ਹੁਕਮ ਦੇ **'ਸੁਰ' ਵਿਚ ਹੋਵਾਂਗੇ, ਤਾਂ ਕੋਈ ਅਉਗੁਣ ਹੋ ਹੀ ਨਹੀਂ ਸਕਦੇ ਤੇ** ਸਾਡੇ ਕੋਲੋਂ ਹਮੇਸ਼ਾਂ ਦੈਵੀ ਗੁਣ ਹੀ ਉਪਜਣਗੇ ਤੇ ਸਹਿਜ-ਸੁਭਾਇ ਹੀ ਨੇਕੀ ਜਾਂ ਪੁੰਨ ਦੀ ਰੁਚੀ ਹੋਵੇਗੀ । ਦੂਜੇ ਲਫ਼ਜ਼ਾਂ ਵਿਚ, **ਹੁਕਮ ਤੋਂ 'ਬੇਸੁਰੇ'** ਹੋਣਾ ਹੀ 'ਪਾਪ' ਹੈ ਤੇ **'ਸੁਰ ਵਿਚ ਰਹਿਣਾ ਹੀ ਪੁੰਨ'** ਹੈ ।

**ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ ॥**
**ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ ॥** (ਪੰਨਾ-601)
**ਪਾਪੀ ਕੇ ਮਾਰਨੇ ਕੋ ਪਾਪ ਮਹਾਂ ਬਲੀ ਹੈ ॥** (ਪਾ: 10)

ਮਨੁੱਖ ਅਪਣੇ ਭਾਣੇ ਵਿਚ ਨੀਵੀਂ ਰੁਚੀ ਦੇ ਅਧੀਨ ਹੋ ਕੇ **'ਪਾਪ'** ਕਮਾਉਂਦਾ ਹੋਇਆ, ਅਪਣਾ ਮਨ ਇੰਨਾਂ ਮਲੀਨ ਕਰ ਲੈਂਦਾ ਹੈ ਕਿ ਉਹ ਮੈਲੇ ਮਨ ਦੁਆਰਾ **'ਕਰਮ-ਬੱਧ'** ਹੋ ਜਾਂਦਾ ਹੈ, ਤੇ ਉਸ ਤੋਂ **ਮੱਲੋ ਮੱਲੀ ਆਪਣੇ ਆਪ 'ਪਾਪ' ਹੁੰਦੇ ਰਹਿੰਦੇ** ਹਨ ਤੇ ਆਖਰ ਉਸ ਦੇ **ਪਾਪਾਂ ਦੀ ਰੁਚੀ ਅਤਿ ਦੀਰਘ** ਤੇ ਡੂੰਘੀ ਹੋ ਕੇ, ਉਸਦੇ ਤਨ, ਮਨ ਅਤੇ ਅੰਤਿਸ਼ਕਰਨ ਵਿਚ ਧੱਸ-ਵੱਸ-ਰਸ ਜਾਂਦੀ ਹੈ ਤੇ ਉਹ **ਅਪਣੇ ਆਪ ਰਸਾਤਲ ਵੱਲ ਰੁੜ੍ਹਿਆ ਜਾਂਦਾ ਹੈ** ਤੇ ਅਪਣੀ ਤਬਾਹੀ ਦਾ ਕਾਰਣ ਬਣਦਾ ਹੈ।

ਇਸ ਲਈ ਇਲਾਹੀ ਹੁਕਮ ਬੁੱਝਕੇ, **ਭਾਣੇ ਵਿਚ 'ਸੁਰ' ਹੋ ਕੇ ਜੀਵਨ ਬਤੀਤ ਕਰਨ ਨਾਲ ਹੀ ਅਸੀਂ ਸਦਾ ਲਈ ਪਾਪਾਂ ਤੋਂ ਬਚ ਸਕਦੇ ਹਾਂ** ਤੇ 'ਲੋਕ ਸੁਖੀ' ਤੇ 'ਪ੍ਰਲੋਕ ਸੁਹੇਲੇ' ਕਰ ਸਕਦੇ ਹਾਂ ।

ਪਰ ਇਲਾਹੀ **ਹੁਕਮ ਨੂੰ ਬੁੱਝਣ ਲਈ ਤੇ ਇਸ ਦੇ ਭਾਣੇ ਵਿਚ ਚਲਣ ਲਈ ਗੁਰਬਾਣੀ ਦੀ ਅਗਵਾਈ ਵਿਚ ਸਤਸੰਗ ਦੀ ਸਹਾਇਤਾ ਦੁਆਰਾ, ਨਾਮ-ਸਿਮਰਨ ਅਭਿਆਸ ਦੀ ਲੋੜ ਹੈ।**

**3, ਆਤਮਿਕ ਪਾਪ—**

**ਭਾਣੇ ਵਿਚ ਰਹਿਣ ਵਾਲੇ** ਭਗਤ, ਸਾਧ, ਸੰਤ, ਗੁਰਮੁਖ ਦੁਨੀਆਂ ਵਿਚ



because despite being sovereign among all creatures and possessing limitless intelligence and thinking power, he is heading for such a great downfall. This (situation) is very regrettable and 'laughable' too.

In actual fact becoming out of tune with the 'Divine will', becoming subordinate to egotism, becoming victims of the five thieves – lust, anger, greed, attachment and egotism - low base thoughts of intents, yearnings and desires sprout – which are the root causes of all base actions and 'sins'.

This means that the original and real cause of our vices is our becoming defiant (meaning turning away) and getting out of tune with the (divine) 'command'. When we are 'in tune' with the Divine command, then vices will not take place and only Divine virtues will grow in us and automatically we will have good and virtuous inclination. In other words being 'out of tune' with the command is to be in 'sin' while remaining 'in tune' is to be 'virtuous'.

1 *He alone is a Sikh, a friend, a relative and a sibling, who walks in the Way of the Guru's Will. One who walks according to his own will, O Siblings of Destiny, suffers separation from the Lord, and shall be punished.* (601)

2 *The ultimate weapon that will destroy a sinner is sin itself.* Pat 10)

Man following the dictates of his mind, gets influenced by the base inclination and indulging in 'vices', defiles his mind so much that through it he becomes 'action-bound' and 'vices' take place inevitably and finally his sinful inclination becomes so serious and grave, that it penetrates, infiltrates, permeates his body, mind and subconsciousness and he gets carried away towards hell thus becoming the cause of his own destruction.

For this reason, living by discovering Divine command and becoming 'in tune' with it, we can always avoid sins and make 'this world' and 'the next' peaceful and beautiful.

But to discover Divine command and to live according to it, there is the need, through the assistance of satsangat (true congregation) to practice Naam-simran (meditation of the Name) with the guidance of Gurbani,.

**3 Spiritual sins ---**

Devotees, ascetics, saints, the guru-oriented who live according to Divine will

ਵਿਰਲੇ ਹੀ ਹੁੰਦੇ ਹਨ ਤੇ ਅਕਾਲ ਪੁਰਖ ਨੂੰ ਇਹ **ਅਤਿ ਹੀ ਪਿਆਰੇ** ਹੋਣ ਕਾਰਣ, ਉਹ ਇਨ੍ਹਾਂ ਦੀ ਸਦਾ ਹੀ **ਪੈਜ ਰਖਦਾ ਤੇ 'ਰੱਛਾ' ਕਰਦਾ ਆਇਆ ਹੈ।**

ਹਰਿ ਜੁਗੁ ਜੁਗੁ ਭਗਤ ਉਪਾਇਆ ਪੈਜ ਰਖਦਾ ਆਇਆ ਰਾਮ ਰਾਜੇ ॥ (ਪੰਨਾ-451)

ਸੰਤਨ ਦੁਖ ਪਾਏ ਤੇ ਦੁਖੀ ॥
**ਸੁਖ ਪਾਏ ਸਾਧੁਨ ਕੇ ਸੁਖੀ ॥** **(ਚੌਪਈ ਪਾ-10)**

ਜਦ ਕੋਈ ਭੁਲੜ ਮਨਮੁਖ ਇਨ੍ਹਾਂ **ਮਹਾਂਪੁਰਖਾਂ ਦੀ ਨਿੰਦਾ ਕਰਦਾ ਹੈ, ਤਾਂ ਅਕਾਲ ਪੁਰਖ ਨੂੰ ਦੁਖ ਹੁੰਦਾ ਹੈ** ਤੇ ਉਨ੍ਹਾਂ ਦਾ ਇਹ ਹਾਲ ਹੁੰਦਾ ਹੈ—

ਸੰਤ ਜਨਾ ਕੀ ਨਿੰਦਾ ਕਰਹਿ ਦੁਸਟੁ ਦੈਤੁ ਚਿੜਾਇਆ ॥ (ਪੰਨਾ-1133)

ਜਿਨ੍ਹਿ ਜਿਨਿ ਕਰੀ ਅਵਗਿਆ ਜਨ ਕੀ ਤੇ ਤੈਂ ਦੀਏ ਰੁੜਾਈ ॥ (ਪੰਨਾ-1235)

ਜੋ ਨਿੰਦਾ ਦੁਸਟ ਕਰਹਿ ਭਗਤਾ ਕੀ ਹਰਨਾਖਸ ਜਿਉ ਪਚਿ ਜਾਵੈਗੋ ॥ (ਪੰਨਾ-13.9)

ਇਹਨਾਂ ਨਿੰਦਕਾਂ-ਦੋਖੀਆਂ ਦੀ ਸਜਾ, ਤ੍ਰੈ-ਗੁਣਾਂ ਦੇ ਨਿਯਮਾਂ (Law of Karma) ਤੋਂ ਇਲਾਵਾ, **ਅਕਾਲ ਪੁਰਖ** ਆਪ ਭੀ ਦਿੰਦਾ ਹੈ ਤੇ ਇਨਾਂ ਦੀ ਉਨਾਂ **ਮਹਾਂਪੁਰਖਾਂ ਬਗੈਰ**, ਜਿਨ੍ਹਾਂ ਦੀ ਨਿੰਦਿਆ ਕੀਤੀ ਹੋਵੇ, ਹੋਰ ਕੋਈ **'ਢੋਈ' ਨਹੀਂ** ਹੈ। **ਸਿਰਫ ਉਹ ਹੀ ਮਾਫ ਕਰ ਸਕਦੇ ਹਨ।**

ਸੰਤ ਕਾ ਨਿੰਦਕੁ ਮਹਾ ਹਤਿਆਰਾ ॥
ਸੰਤ ਕਾ ਨਿੰਦਕੁ ਪਰਮੇਸੁਰਿ ਮਾਰਾ ॥.....
ਸੰਤ ਕੇ ਦੋਖੀ ਕਉ ਅਵਰੁ ਨ ਰਾਖਨਹਾਰੁ ॥
**ਨਾਨਕ ਸੰਤ ਭਾਵੈ ਤਾ ਲਏ ਉਬਾਰਿ ॥** (ਪੰਨਾ-280)

ਇਸ ਲਈ ਸਾਨੂੰ **'ਆਤਮਿਕ ਪਾਪਾਂ ਤੋਂ ਬਚ ਕੇ ਰਹਿਣ ਦਾ ਖਾਸ ਧਿਆਨ ਰਖਣਾ ਚਾਹੀਦਾ ਹੈ।**

ਇਸ ਤੋਂ ਇਲਾਵਾ, ਇਕ ਹੋਰ **ਆਤਮਿਕ ਪਾਪ** ਹੈ ਜੋ ਅਗਿਆਨਤਾ ਕਾਰਣ, ਅਸੀਂ ਸਹਿਜ-ਸੁਭਾਇ ਕਰਦੇ ਰਹਿੰਦੇ ਹਾਂ। **'ਆਤਮਾ' ਨੂੰ ਉਪਰ ਉਠਣ ਅਥਵਾ ਪ੍ਰਫੁਲਤ ਹੋਣ ਦਾ ਮੌਕਾ** (Chance) **ਭਾਗਾਂ ਨਾਲ ਮਿਲਦਾ ਹੈ,** ਤੇ ਜਦੋਂ ਇਹੋ ਜੇਹਾ **ਮੌਕਾ** ਮਿਲੇ, ਤਾਂ ਉਸ ਦੀ **ਵਿਰੋਧਤਾ ਕਰਨੀ** (Opposition to the Aspiring Soul) **ਦੀਰਘ ਆਤਮਿਕ ਪਾਪ ਹੈ।**

ਕਾਇਨਾਤ ਵਿਚ ਹਰ ਇਕ ਚੀਜ ਅੰਦਰ **'ਵਿਕਾਸ' ਹੋਣ ਦੀ ਕੁਦਰਤੀ ਰੁਚੀ ਜਾਂ ਹੁਕਮ ਹੈ।** ਏਸੇ ਤਰ੍ਹਾਂ ਸਾਡੀ ਆਤਮਾ ਵੀ **'ਵਿਕਸਿਤ'** ਹੋਣਾ ਚਾਹੁੰਦੀ ਹੈ ਤੇ ਅਪਣੇ ਕੇਂਦਰ



are rare and because they are very dear to the Timeless Being, He always preserves their honour and 'protects' them.

1 *In each and every age, He creates His devotees and preserves their honor, O Lord King.* *(451)*

2 *When the holy people are in distress, He is pained.*
*When they are in comfort, He is pleased.* *(Chaupai P10)*

When some forgetful self-willed person slanders these great souls, then the Timeless Being experiences pain and this is what happens to the slanderers---

3 *The wicked demon slandered the Saint, and stirred up trouble. 1133*

4 *Whoever is disrespectful to the humble servant of the Lord, shall be swept away and destroyed.* *(1235)*

5 *Those wicked enemies who slander the devotees are destroyed, like Harnaakhash.* *(1309)*

The punishment of these slanderers-ill disposed people is given by the Timeless Being Himself in addition to that given under laws of trigun or Karmic law. Other than those great souls who were slandered, there is no other 'recourse ' for the slanderers (to be pardoned). Only they can pardon them.

6 *The slanderer of the Saint is a brutal butcher.*

*The slanderer of the Saint is cursed by the Transcendent Lord......*

*The slanderer of the Saint cannot be saved by anyone else.*

*O Nanak, if it pleases the Saint, then even he may be saved. (280)*

For this reason we should pay special attention to remain safe from committing 'spiritual sins'.

Besides this, there is another spiritual sin which we spontaneously commit because of our ignorance. It is by chance that the 'soul' gets the opportunity to rise up or develop and whenever this chance comes, then opposition to the aspiring soul is a grave spiritual sin.

In the universe everything has the natural tendency or law within it to 'develop'. Similarly our soul also wishes to 'develop' and is being attracted to its 'centre', the Timeless Being.

'ਅਕਾਲ ਪੁਰਖ' ਵਲ ਖਿੱਚੀਂਦੀ ਜਾ ਰਹੀ ਹੈ। ਜਦ ਇਹੋ ਜੇਹੀ 'ਸੁਰਤ' ਜਾਂ ਆਤਮਾ ਆਪਣੇ ਵਿਕਾਸ ਲਈ ਕੋਈ ਉਦਮ ਕਰਦੀ ਹੈ, ਤਾਂ ਉਸ ਨੂੰ ਅਣਜਾਣ ਤੇ ਭੁਲੜ ਲੋਕ, ਵਿਰੋਧ ਨਾਲ ਦਬਾਉਣਾ ਜਾਂ ਬਦਨਾਮ ਕਰਨਾ ਲੋੜਦੇ ਹਨ, ਤੇ ਉਸ ਰੂਹ ਦੇ ਵਧਣ, ਫੁਲਣ ਤੇ ਪ੍ਰਫੁਲਤ ਹੋਣ ਵਿਚ ਰੋੜੇ ਅਟਕਾਉਂਦੇ ਹਨ। ਇਸ ਤਰ੍ਹਾਂ ਕਈ ਅਖੌਤੀ ਸਾਧ, ਸੰਤ, ਗੁਰੂ ਭੀ, ਭੋਲੀਆਂ ਰੂਹਾਂ ਨੂੰ ਭੁਲੇਖੇ (misguide) ਤੇ ਭੰਬਲ-ਭੂਸਿਆਂ ਵਿਚ ਪਾ ਕੇ ਜਗਿਆਸੂਆਂ ਦਾ ਜੀਵਨ ਤਬਾਹ ਕਰ ਦੇਂਦੇ ਹਨ। ਇਸ ਤਰ੍ਹਾਂ ਭੀ ਅਸੀਂ ਆਤਮਿਕ ਪਾਪਾਂ ਦੇ ਦੋਸ਼ੀ ਹੁੰਦੇ ਹਾਂ, ਤੇ ਇਹ ਭੀ ਦੀਰਘ ਆਤਮਿਕ ਪਾਪ ਹਨ।

ਮਾਨਵਤਾ ਦੀਆਂ ਸਾਰੀਆਂ ਸਮਸਿਆਵਾਂ, ਮਨੁੱਖ ਵਲੋਂ ਅਟੱਲ ਰੱਬੀ ਨਿਯਮਾਂ ਅਥਵਾ 'ਹੁਕਮ' ਦੀ ਉਲੰਘਣਾ ਤੋਂ ਉਪਜਦੀਆਂ ਹਨ ਅਤੇ ਮਨੁੱਖ ਦੀ ਕੁਰਾਹੇ ਪੈ ਜਾਣ ਦੀ ਪਰਵਿਰਤੀ ਹੀ ਉਸ ਨੂੰ ਰੱਬੀ ਚਾਹ ਅਨੁਸਾਰ 'ਆਦਰਸ਼ਕ ਮਨੁੱਖ' ਬਣਨ ਤੋਂ ਵਾਂਝਿਆਂ ਰਖਦੀ ਹੈ।

ਇਹ ਸਾਰੀਆਂ ਨੀਵੀਆਂ ਰੁਚੀਆਂ ਤੋਂ ਉਪਜੇ 'ਪਾਪ' ਮਾਇਆ ਦੇ ਭਰਮ-ਭੁਲਾਵੇ ਵਿਚ 'ਹਉਮੈ' ਤੇ 'ਮੈਂ-ਮੇਰੀ' ਦਾ ਪ੍ਰਤੀਬਿੰਬ ਜਾਂ ਪ੍ਰਗਟਾਵਾ ਹਨ।

**ਵਿਸ਼ਵ ਵਿਚ ਅਸ਼ਾਂਤੀ ਦਾ ਮੁੱਖ ਕਾਰਣ ਇਹ ਹੀ ਹੈ ਕਿ ਅਸੀਂ 'ਅਧਿਆਤਮਿਕ' ਨਾਲੋਂ ਵਧੇਰੇ 'ਪਦਾਰਥਿਕ' ਹਾਂ।**

ਈਰਖਾ, ਦਵੈਤ ਨਫਰਤ ਅਤੇ ਨਿਜ-ਸੁਆਰਥ ਹੀ ਸਮਾਜ ਨੂੰ ਸ਼ਾਂਤੀ ਤੇ ਅਨੰਦ ਤੋਂ ਵਾਂਝਿਆਂ ਰਖਦੇ ਹਨ।

ਮਨੁੱਖ, ਖੁਸ਼ੀ, ਸ਼ਾਂਤੀ, ਖੇੜੇ, ਰਸ ਅਤੇ ਪਿਆਰ ਤੋਂ ਬਿਨਾਂ ਰੁੱਖਾ-ਸੁੱਖਾ ਜੀਵਨ ਬਤੀਤ ਕਰ ਰਿਹਾ ਹੈ, ਕਿਉਂਕਿ ਉਹ ਆਪਣੇ ਆਤਮਿਕ ਵਿਰਸੇ ਤੋਂ ਅਗਿਆਤ ਹੈ, ਅਤੇ ਇਲਾਹੀ ਪਿਆਰ ਮਈ 'ਜੀਵਨ ਰੌਂ' ਤੋਂ ਟੁਟ ਕੇ, ਪ੍ਰੀਤ-ਪਿਆਰ-ਰਸ-ਚਾਉ ਦੀਆਂ ਰੱਬੀ ਦਾਤਾਂ ਤੋਂ ਵਾਂਝਾ ਰਹਿੰਦਾ ਹੈ।

ਜਿਉਂ-ਜਿਉਂ 'ਸਾਧ ਸੰਗਤ' ਅਤੇ 'ਨਾਮ-ਸਿਮਰਨ' ਦੁਆਰਾ ਸਾਡੀਆਂ ਬਿਰਤੀਆਂ ਉਚੀਆਂ ਉਠ ਕੇ ਦੈਵੀ ਹੁੰਦੀਆਂ ਜਾਣਗੀਆਂ ਤੇ 'ਆਤਮਿਕ ਛੋਹ' ਦੁਆਰਾ ਸੂਖਮ ਤੇ ਪ੍ਰਬਲ ਹੁੰਦੀਆਂ ਜਾਣਗੀਆਂ ਤੇ ਅਸੀਂ ਅਥਵਾ 'ਸਾਡਾ ਆਪਾ' ਇਲਾਹੀ ਸੁਖ, ਪ੍ਰੇਮ, ਪਿਆਰ, ਰਸ, ਚਾਓ ਵਾਲਾ ਇਲਾਹੀ 'ਜੀਵਨ-ਰੌਂ' ਦੇ 'ਵਹਾਉ' ਲਈ ਪ੍ਰਣਾਲੀ ਬਣ ਜਾਵੇਗਾ। ਇਸ ਤਰ੍ਹਾਂ ਸਾਡਾ ਤਨ, ਮਨ, ਹਿਰਦਾ ਸਾਰੇ 'ਦੈਵੀ-ਗੁਣਾਂ' ਦੇ ਪ੍ਰਕਾਸ਼ ਅਤੇ ਪ੍ਰਗਟਾਵੇ ਦੇ 'ਸਾਧਨ' ਬਣ ਜਾਣਗੇ।

ਗੁਰਬਾਣੀ ਅਨੁਸਾਰ ਕਲਜੁਗ ਵਿਚ ਇਹ ਹੀ 'ਪੁੰਨ' ਹੈ—

**ਕਲਿ ਮਹਿ ਏਹੋ ਪੁੰਨੁ ਗੁਣ ਗੋਵਿੰਦ ਗਾਹਿ ॥** (ਪੰਨਾ-962)

L98.7

When such 'consciousness' or soul makes an effort for its evolution, the ignorant and forgetful people find it necessary to oppose and suppress or blame it and thus they create obstacles in the development, expansion and evolution of it. In this way, many so-called sadhus, saints, even gurus misguiding and confusing simple people, destroy the lives of truth-seekers. In this way too, we become guilty of spiritual sins and these are also serious spiritual sins.

All the problems of humanity emerge because of man's violation of the eternal Divine laws or 'Divine will' and man's inclination to take the wrong path is indeed keeping him deprived from becoming an 'ideal man' according to Divine intention.

Sins arising from all these base inclinations in the illusion of materialism are the reflection or manifestation of 'egotism' and 'me-mineness'.

The main reason for turmoil in this world is that we are more materialistic than Godly.

Jealousy, prejudices, hatred and selfishness are keeping society deprived of peace and 'bliss'.

Without happiness, peace, delight, enjoyment and love, man is living a dry insipid life because he is unconscious of his spiritual heritage and isolated from the Divine love like 'life-current', remains deprived of Divine gifts of love-affection-relish-joy.

As our thoughts rise and become Divine through 'sadhsangat' (sublime company) and 'meditation of Naam' and through 'spiritual touch' become subtle and powerful, we or our 'self' will become the channel for the 'flow' of Divine 'life-current' with Divine peace, love, affection, relish and joy. In this way our body, mind, heart will become the 'means' for illuminating and manifesting all 'Divine-merits'.

According to Gurbani this indeed is a 'virtue' in Kaljug (Dark age)---

1 *This is the only act of goodness in this Dark Age of Kali Yuga, to sing the Glorious Praises of the Lord of the Universe.* (962)

L98.7

ਸਾਡੇ ਤਨ-ਮਨ-ਹਿਰਦੇ ਨੂੰ **'ਆਤਮ-ਪ੍ਰਾਇਣ' ਕਰਕੇ ਨਾਮ ਦੀ ਰੰਗਣ ਚਾੜਨੀ ਇਲਾਹੀ 'ਰਜ਼ਾ' ਅਨੁਸਾਰ ਹੈ** ਅਤੇ ਹਰ ਇਕ ਜੀਵ ਦੀ **ਪ੍ਰਤਿਗਿਆ ਅਤੇ ਕਰਤੱਵ ਹੈ।**

ਜਦ ਸਾਨੂੰ ਕੋਈ ਸਰੀਰਕ ਰੋਗ ਲਗਦਾ ਹੈ ਤਾਂ ਅਸੀਂ **ਕੋਈ** ਓਹੜ-ਪੋਹੜ **ਕਰਦੇ** ਹਾਂ, ਜਾਂ ਡਾਕਟਰ ਕੋਲ ਭਜਦੇ ਹਾਂ। ਡਾਕਟਰ ਸਾਡੇ ਰੋਗ ਦੀ ਜਾਂਚ (diagnosis) ਕਰਕੇ ਬਿਮਾਰੀ ਅਤੇ ਉਸ ਦਾ ਕਾਰਣ (causation) ਲੱਭਦਾ ਹੈ ਅਤੇ ਇਲਾਜ ਕਰਦਾ ਹੈ।

ਪਰ ਕਈ ਵਾਰੀ ਤਪਦਿਕ, ਕੈਂਸਰ, ਕੋਹੜ ਆਦਿ ਮੋਹਲਿਕ ਰੋਗਾਂ ਦਾ ਸਾਨੂੰ **ਅਹਿਸਾਸ ਅਤੇ ਪਤਾ ਹੀ** ਨਹੀਂ ਲਗਦਾ ਅਤੇ ਅਸੀਂ ਮਾੜੀ-ਮੋਟੀ ਤਕਲੀਫ ਨੂੰ ਮੱਲ-ਦੱਲ ਕੇ ਸਹਾਰੀ ਜਾਂਦੇ ਹਾਂ, ਜਾਂ ਨੀਮ-ਹਕੀਮਾਂ ਤੋਂ ਇਲਾਜ ਕਰਾ ਕੇ **ਡੰਗ ਟਪਾਈ'** ਜਾਂਦੇ ਹਾਂ। ਜਿਸ ਦਾ ਨਤੀਜਾ ਇਹ ਹੁੰਦਾ ਹੈ ਕਿ ਸਹਿਜੇ-ਸਹਿਜੇ, ਸਮਾਂ ਪਾ ਕੇ, ਇਹ ਰੋਗ ਦੀਰਘ (serious) ਬਣ ਜਾਂਦੇ ਹਨ। ਇਸ ਤਰ੍ਹਾਂ ਅਸੀਂ ਅਪਣੀ ਅਣਗਹਿਲੀ ਕਾਰਣ, ਅਪਣੇ ਸਰੀਰਕ ਰੋਗਾਂ ਨੂੰ ਵਧਾ ਕੇ, ਖਤਰਨਾਕ ਬਣਾ ਲੈਂਦੇ ਹਾਂ ਅਤੇ ਅਪਣੀ ਹੀ ਬੇ-ਪ੍ਰਵਾਹੀ ਕਾਰਣ ਅਤਿਅੰਤ ਦੁਖ-ਕਲੇਸ਼ ਭੋਗਦੇ ਹਾਂ।

ਐਨ ਏਸੇ ਤਰ੍ਹਾਂ ਸਾਡੀ **'ਮਾਨਸਿਕ'** ਹਾਲਤ ਹੈ—

ਸਾਡੀਆਂ **ਨੀਵੀਆਂ ਰੁਚੀਆਂ** ਵਿਚੋਂ ਨੀਵੇ ਅਤੇ ਭੈੜੇ ਕਰਮ ਜਾਂ **ਪਾਪ** ਉਪਜਦੇ ਹਨ। ਬਾਹਰਲੀ **ਕੁਸੰਗਤ** ਦਾ ਅਸਰ ਅਤੇ ਅੰਤਿਸ਼ਕਰਨ ਦੀ ਰੰਗਤ ਦੀ **'ਹਵਾੜ' ਵਿਚੋਂ ਹੀ ਨੀਵੀਆਂ ਰੁਚੀਆਂ ਉਪਜਦੀਆਂ ਹਨ।**

ਪਿਛਲੇ ਨੀਵੇ ਕਰਮ ਅਤੇ ਖਿਆਲਾਂ ਅਨੁਸਾਰ ਹੀ ਅੰਤਿਸ਼ਕਰਨ ਦੀ **ਰੰਗਤ** ਬਣਦੀ ਹੈ।

**ਮਾਨਸਿਕ 'ਰੰਗਤ' ਜਾਂ ਹਵਾੜ ਜਾਂ ਨੀਵੀਆਂ ਰੁਚੀਆਂ ਨੂੰ ਹੀ ਮਾਨਸਿਕ ਬਿਮਾਰੀਆਂ ਕਿਹਾ ਜਾਂਦਾ ਹੈ।**

ਇਨ੍ਹਾਂ ਮਾਨਸਿਕ ਬੀਮਾਰੀਆਂ ਦਾ ਮੁੱਢ–ਕਾਰਣ ਸਾਡੀ **'ਹਉਮੈ'** ਹੀ ਹੈ।

ਮਾਇਆ ਦੇ ਭਰਮ-ਭੁਲਾਵੇ ਦੇ ਹਨੇਰ ਵਿਚੋਂ ਹੀ **'ਹਉਮੈਂ' ਉਪਜਦੀ ਅਤੇ ਪਲਦੀ ਹੈ।**

ਮਾਇਆ ਦੇ **ਭਰਮ-ਭੁਲਾਵੇ** ਦੇ 'ਹਨੇਰ' ਵਿਚ ਹੀ ਨੀਵੀਆਂ ਰੁਚੀਆਂ ਉਪਜਦੀਆਂ ਤੇ ਪਰਵਿਰਤ ਹੁੰਦੀਆਂ ਹਨ।

ਅਕਾਲ ਪੁਰਖ ਦੀ **'ਗੈਰ-ਹਾਜਰੀ' ਜਾਂ 'ਭੁਲ'** ਤੋਂ ਹੀ ਮਾਇਆ ਦਾ ਭਰਮ ਉਪਜਦਾ ਹੈ।
ਜਿਥੇ ਇਲਾਹੀ **ਪ੍ਰਕਾਸ਼ ਹੈ** ਉਥੇ ਮਾਇਕੀ **'ਭਰਮ ਦਾ ਹਨੇਰ'** ਨਹੀਂ ਰਹਿ ਸਕਦਾ।
'ਪ੍ਰਕਾਸ਼' ਅਤੇ 'ਹਨੇਰਾ' **ਇਕੋ ਵਕਤ ਨਹੀਂ ਹੋ ਸਕਦੇ।**
ਹਨੇਰਾ, ਪ੍ਰਕਾਸ਼ ਦੀ **'ਗੈਰ ਹਾਜਰੀ ਜਾਂ 'ਅਣਹੋਂਦ'** ਦਾ ਹੀ ਨਾਮ ਹੈ।

**ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ ॥** (ਪੰਨਾ-657)

ਉਪਰਲੀ ਵਿਚਾਰ ਤੋਂ ਸਪਸ਼ਟ ਹੈ ਕਿ **ਅਕਾਲ ਪੁਰਖ ਦੀ 'ਭੁੱਲ' ਹੀ ਸਾਡੇ ਸਾਰੇ**



Making our body-mind-heart 'soul-subordinate' and mounting on it the hue of Naam, is according to 'Divine will' and is the pledge and action of every man.

When we contact some bodily illness, we try to get some help or run to a doctor. The doctor diagnoses the illness, finds its cause and then he carries out the treatment.

But many a time we do not feel and do not know of deadly diseases like tuberculosis, cancer, leprosy etc and thinking them ordinary and simple, we ignore them and bear them or we pass time by getting treatment from quacks. The result is that gradually with time these diseases become serious. In this way because of our carelessness, the diseases advance, become dangerous and due to our own indifference, we experience extreme pain-suffering.

Our **'mental'** condition is exactly like this---

Bad actions or sins well-up from our base inclinations. Base inclinations sprout from the 'steam' of the influence of external bad company and the colouring of our subconsciousness.

The colouring of the subconsciousness indeed takes place according to the previous base actions and thoughts.

Mental 'colouring' or steam or base inclinations are said to be mental illnesses indeed.

In fact 'egotism' sprouts and gets nurtured in the darkness of the illusion of maya (materialism).

It is indeed in the darkness of the illusion of maya that base inclinations emerge and enter (our mind).

The illusion of maya sprouts from the 'absence' of the Timeless Being or 'forgetting' Him.
Where there is Divine illumination, the materialistic 'darkness of illusion' cannot stay.
'Illumination' and 'darkness' cannot take place at the same time.
'Darkness' indeed is the name for the 'absence' or 'non-existence'of illumination.

1 When I am in my ego, then You are not with me. Now that You are with me, there is no egotism within me. (657)

From the above discussion it is clear that 'forgetting' the Timeless Being is

**ਮਾਨਸਿਕ ਰੋਗਾਂ ਦਾ ਮੁੱਢਲਾ ਕਾਰਣ ਹੈ ।**

**ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥**
**ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ ॥** (ਪੰਨਾ-135)

ਜਦ ਸਾਡਾ ਮਨ 'ਬੀਮਾਰ' ਹੁੰਦਾ ਹੈ ਤਾਂ ਉਸ ਦਾ ਅਸਰ ਸਰੀਰ ਉਤੇ ਪੈਣਾ ਅਵੱਸ਼ ਹੈ । ਇਸ ਤਰ੍ਹਾਂ ਬਹੁਤ ਸਾਰੀਆਂ ਦੀਰਘ ਬੀਮਾਰੀਆਂ ਦਾ **ਮੁੱਢਲਾ ਕਾਰਣ, ਸਾਡੇ 'ਮਾਨਸਿਕ ਰਗ' ਹੀ ਹਨ ।**

ਏਸੇ ਕਰਕੇ ਗੁਰੂ ਬਾਬੇ ਨੇ ਲਫਜ਼ **'ਰੋਗ'** ਦੇ ਮੂਹਰੇ **'ਸਭੇ'** ਵਿਸ਼ੇਸ਼ਨ ਲਾ ਕੇ ਇਹ ਗੱਲ ਦ੍ਰਿੜ੍ਹ ਕਰਾਈ ਹੈ ਕਿ **ਪਰਮੇਸ਼ਰ ਨੂੰ ਭੁੱਲਣ ਨਾਲ ਹੀ ਸਾਰੇ ਸਰੀਰਕ ਅਤੇ ਮਾਨਸਿਕ ਰੋਗ ਲਗਦੇ ਹਨ ।**

**ਬੀਮਾਰ ਮਨ** ਵਿਚੋਂ ਮੈਲੀਆਂ ਤੇ **ਨੀਵੀਆਂ ਰੁਚੀਆਂ** ਉਪਜਦੀਆਂ ਹਨ ।
ਮਾੜੇ ਖਿਆਲਾਂ ਤੋਂ ਮਾੜੇ ਕਰਮ ਜਾਂ **ਪਾਪ** ਹੁੰਦੇ ਹਨ ।
ਨੀਵੀਆਂ ਰੁਚੀਆਂ ਤੋਂ **ਮਾੜੇ ਖਿਆਲ** ਉਪਜਦੇ ਹਨ ।

**'ਜੋ ਮੈ ਕੀਆ ਸੋ ਮੈ ਪਾਇਆ'** ਦੇ ਇਲਾਹੀ ਅਸੂਲ ਅਨੁਸਾਰ ਮਾੜੇ ਕਰਮਾਂ ਦਾ ਨਤੀਜਾ ਦੁਖ, ਕਲੇਸ਼ ਆਦਿ ਭੁਗਤਣੇ ਪੈਂਦੇ ਹਨ ਅਤੇ ਅਪਣੇ ਪਾਪਾਂ ਅਨੁਸਾਰ ਹੀ ਅਸੀਂ **ਜਮਾਂ ਦੇ ਵਸ ਪੈਂਦੇ ਹਾਂ ।**

ਦੂਜੇ ਲਫਜ਼ਾਂ ਵਿਚ **ਸਾਡੇ—**

ਮਾੜੇ ਖਿਆਲ
ਨੀਵੀਆਂ ਰੁਚੀਆਂ
ਮੈਲਾ ਮਨ
ਮੈਲਾ ਅੰਤਿਸ਼ਕਰਨ
ਮਾੜੇ ਕਰਮ
ਪਾਪ
ਜਮ-ਜੇਵੜੀ
ਜਮਾਂ ਦੀ ਸਜ਼ਾ
ਮਾਨਸਿਕ ਬੀਮਾਰੀਆਂ
ਸਰੀਰਕ ਬੀਮਾਰੀਆਂ
ਦੁਖ-ਕਲੇਸ਼
ਨਰਕ

**ਆਦਿ ਹਾਲਤਾਂ, ਤ੍ਰੈ-ਗੁਣੀ ਮੰਡਲ ਦੀ ਗੰਧਲੀ ਤੇ ਜ਼ਹਿਰੀਲੀ ਮਾਨਸਿਕ ਰੰਗਤ ਅਥਵਾ**



is indeed the original cause of our mental illnesses .

1 *Forgetting the Transcendent Lord, all sorts of illnesses are contracted.*
*Those who turn their backs on the Lord shall be separated from Him and consigned to reincarnation, over and over again.* 135

When our mind is 'sick', inevitably the body will experience its effect. Thus the original cause of most of the serious illnesses is our 'mental illness'.

This is why Guru Baba Ji putting 'all' as adjective in front of the word 'Illness' has ingrained in us that it is by forgetting the Supreme Lord that all physical and mental illnesses are contacted.

From the sick mind originate filthy and base inclinations.
From bad thoughts occur bad actions or sins.
From base inclinations sprout bad thoughts.

According to the Divine principle of 'whatever I did, for that I have suffered' we experience the result of bad actions such as pain, suffering etc and it is according to our sins that we fall under the control of yamas (couriers of death).

In other words our---

Bad thoughts
Base inclinations
Defiled mind
Defiled subconsciousness
Bad actions
Sins
Noose of yamas
Punishment by yamas
Mental illnesses
Physical illnesses
Pain-suffering
Hell

etc (and other such) conditions sprout from the filth of the triguni (three-phased) realm and poisonous

**ਹਵਾੜ** (vicious circle) **ਤੋਂ ਹੀ ਉਪਜਦੀਆਂ ਹਨ, ਜਿਸ ਦਾ ਮੁੱਢਲਾ ਕਾਰਣ** (root cause) **ਪਰਮੇਸ਼ਰ ਨੂੰ 'ਭੁਲਣਾ' ਹੀ ਹੈ।**

ਇਸ **ਭੁੱਲ ਵਿਚੋਂ ਹੀ 'ਹਉਮੈ' ਉਤਪੰਨ ਹੁੰਦੀ ਹੈ** ਅਤੇ ਹਉਮੈ ਦੇ ਭਰਮ-ਭੁਲਾਵੇਂ ਦੇ ਹਨੇਰ (Darkness of Illusive Ego) ਵਿਚ ਹੀ ਇਹ ਸਾਰਾ **ਤ੍ਰੈ-ਗੁਣੀ ਮਾਇਕੀ 'ਚੱਕਰ' ਉਪਜਦਾ, ਪਲਦਾ ਅਤੇ ਵਰਤਦਾ ਹੈ,** ਜਿਸ ਤਰ੍ਹਾਂ ਕਿ ਹਨੇਰ ਕੋਠੜੀ ਜਾਂ ਗੁਫ਼ਾ ਵਿਚ ਸੱਪ, ਠੂੰਹੇ, ਮੱਛਰ ਆਦਿ ਉਪਜਦੇ, ਪਲਦੇ ਅਤੇ ਪ੍ਰਵਿਰਤ ਹੁੰਦੇ ਹਨ।

**ਦੁਖੁ ਤਦੇ ਜਾ ਵਿਸਰਿ ਜਾਵੈ ॥**
ਭੁਖ ਵਿਆਪੈ ਬਹੁ ਬਿਧਿ ਧਾਵੈ ॥ (ਪੰਨਾ-98)

**ਤੂੰ ਵਿਸਰਹਿ ਤਾਂ ਸਭੁ ਕੋ ਲਾਗੂ ਚੀਤਿ ਆਵਹਿ ਤਾਂ ਸੇਵਾ ॥** (ਪੰਨਾ-383)

ਇਸ ਜਮਾਨੇ ਵਿਚ, **ਸਾਡੇ ਮਨ ਬਹੁਤ ਰੋਗੀ ਹੋ ਗਏ ਹਨ,** ਜਿਸ ਕਾਰਣ **ਸਰੀਰਕ ਰੋਗ ਭੀ ਬਹੁਤ ਵੱਧ ਗਏ ਹਨ** ਅਤੇ ਇਨ੍ਹਾਂ ਰੋਗਾਂ ਦੇ ਇਲਾਜ ਲਈ ਬੇਅੰਤ ਨੁਸਖੇ, ਟੀਕੇ, ਦਵਾਈਆਂ ਪ੍ਰਚਲਤ ਹਨ ਅਤੇ ਨਾਲ ਹੀ ਡਾਕਟਰ, ਹਕੀਮ, ਹਸਪਤਾਲ ਭੀ ਬੇਅੰਤ ਵੱਧ ਗਏ ਹਨ। ਏਥੋਂ ਤਾਈਂ ਕਿ ਹਰ ਇਕ ਬੀਮਾਰੀ ਦੇ ਖਾਸ ਡਾਕਟਰ (specialist) ਬਣ ਗਏ ਹਨ।

ਅਸੀਂ ਭੀ ਇਤਨੇ ਚੌਕੰਨੇ (alert) ਹੋ ਗਏ ਹਾਂ ਕਿ ਮਾੜਾ ਜਿਹਾ ਦਰਦ ਜਾਂ ਬੁਖਾਰ ਹੁੰਦਿਆਂ ਹੀ ਝੱਟ ਡਾਕਟਰ ਕੋਲ ਭਜਦੇ ਹਾਂ ਅਤੇ ਚੰਗੇ ਤੋਂ ਚੰਗਾ ਟੀਕਾ ਲਾਉਣ ਲਈ ਕਹਿੰਦੇ ਹਾਂ। ਟੀਕਿਆਂ ਦੇ ਨਾਲ ਗੋਲੀਆਂ ਭੀ ਦਿੱਤੀਆਂ ਜਾਂਦੀਆਂ ਹਨ, ਜਿਨ੍ਹਾਂ ਨੂੰ ਖਾਂਦਿਆਂ ਅੱਕ ਜਾਈਦਾ ਹੈ। ਇਨ੍ਹਾਂ ਟੀਕਿਆਂ ਅਤੇ ਗੋਲੀਆਂ ਨਾਲ ਜੇ ਇਕ ਪਾਸੇ ਕੋਈ ਇਲਾਮਤ ਘਟਦੀ ਹੈ ਤਾਂ ਦੂਜੇ ਪਾਸੇ ਹੋਰ ਇਲਾਮਤਾਂ (side effect) ਸ਼ੁਰੂ ਹੋ ਜਾਂਦੀਆਂ ਹਨ ਜਾਂ ਓਪਰੇਸ਼ਨ ਕਰਾਉਣਾ ਪੈਂਦਾ ਹੈ।

ਇਉਂ ਸਾਡੇ ਸਰੀਰ ਅੰਦਰ **ਬੀਮਾਰੀਆਂ ਦਾ ਚੱਕਰ** (vicious circle) ਚਲਦਾ ਹੀ ਰਹਿੰਦਾ ਹੈ। ਜਦ ਤਾਈਂ **ਮੌਤ** ਸਾਡਾ ਛੁਟਕਾਰਾ ਨਹੀਂ ਕਰਾਉਂਦੀ।

ਏਸੇ ਕਰਕੇ ਗੁਰੂ ਬਾਬੇ ਨੇ ਐਲਾਨ ਕੀਤਾ ਹੈ ਕਿ—

**ਜੋ ਜੋ ਦੀਸੈ ਸੋ ਸੋ ਰੋਗੀ ॥**
ਰੋਗ ਰਹਿਤ ਮੇਰਾ ਸਤਿਗੁਰੁ ਜੋਗੀ ॥ (ਪੰਨਾ-1140)

**ਕਿਉਂਕਿ ਜੇ ਕੋਈ ਸਰੀਰਕ ਰੋਗ ਤੋਂ ਬੱਚਿਆ ਭੀ ਹੈ ਤਾਂ 'ਮਾਨਸਿਕ ਰੋਗ' ਤਾਂ ਸਭਨਾਂ ਨੂੰ ਲੱਗੇ ਹੋਏ ਹਨ।**

ਇਹ ਇਕ ਦੀਰਘ ਸਮਸਿਆ (serious problem) ਹੈ ਕਿ ਬਾਵਜੂਦ ਚਿਕਿਤਸਾ



mental colouring or vicious circle the root cause of which is indeed 'forgetting' the Supreme Lord.

It is in fact from this forgetting that 'egotism' sprouts and in the darkness of its illusion, the whole triguni (three-phased ) materialistic 'circle' grows, gets nurtured and becomes active just as in a dark room or cave snakes, scorpions, mosquitoes etc emerge, grow and become active.

1 *They forget the Lord, and they suffer in pain.*
*Afflicted with hunger, they run around in all directions.* 98

2 *If I forget You, then everyone becomes my enemy. When You come to mind, then they serve me.* 385

In this age, our minds have become very sick as a result of which our bodily illnesses too have increased and for the treatment of these illnesses many prescriptions, injections, medicines are in vogue and together with this, doctors, physicians practicing unani system of medicine, hospitals have increased too. The situation is such that there are now specialist doctors for every type of illness.

We too have become so alert that with a little pain or fever, we run to the doctor at once and request him to administer the best injection. Together with the injection, pills are also given taking which we become bored. With these injections and pills, if on one hand, one side effect reduces, on the other hand, other side effects begin or we have to undergo surgery.

Thus the vicious circle of illnesses in our bodies continues until death liberates us from it.

That is why Guru Baba Ji has proclaimed---

3 *Whoever I see is diseased.*
*Only my True Guru, the True Yogi, is free of disease.* 1140

because even if someone is safe from bodily illness, mental illnesses are suffered by all.

This is a serious problem that despite so much progress in medical science

ਵਿਗਿਆਨ (Medical Science) ਦੀ **ਇਤਨੀ ਤਰੱਕੀ** ਅਤੇ ਬੇਅੰਤ ਇਲਾਜ ਦੇ ਸਾਧਨਾਂ ਦੇ, ਸਾਡੀ **ਸਮੁੱਚੀ ਸਿਹਤ ਦਾ ਪੱਧਰ, ਪਿਛਲੇ ਜ਼ਮਾਨੇ ਨਾਲੋਂ ਬਹੁਤ ਗਿਰ ਗਿਆ ਹੈ।** ਇਸ ਵਿਸ਼ੇ ਦੀ ਬੜੀ ਡੂੰਘੀ ਅਤੇ ਦੀਰਘ ਵਿਚਾਰ ਅਤੇ ਘੋਖ ਕਰਨ ਦੀ ਲੋੜ **ਹੈ**।

ਪੁਰਾਣੇ ਜ਼ਮਾਨੇ ਵਿਚ ਲੋਕ ਸਿੱਧੇ-ਸਾਦੇ, ਭੋਲੇ-ਭਾਲੇ, ਦੈਵੀ ਰੁਚੀਆਂ ਵਾਲੇ ਹੁੰਦੇ ਸਨ। ਉਨ੍ਹਾਂ ਦੇ ਮਨ ਨਿਰਮਲ, ਨਿਰਛੱਲ, ਨਰੋਏ, ਸੇਵਾ ਭਾਵ ਅਤੇ ਧਾਰਮਿਕ ਸ਼ਰਧਾ ਭਾਵਨੀ ਵਾਲੇ ਹੁੰਦੇ ਸਨ ਅਤੇ ਉਹ ਕੁਦਰਤ ਅਨੁਸਾਰ **ਸਾਦਾ ਅਤੇ ਨਿਰਛਲ ਜੀਵਨ ਬਤੀਤ ਕਰਦੇ ਸਨ**, ਜਿਸ ਕਾਰਨ ਉਨ੍ਹਾਂ ਨੂੰ **ਮਾਨਸਿਕ ਅਤੇ ਸਰੀਰਕ ਰੋਗ ਘਟ ਹੀ ਲਗਦੇ ਸਨ।**

ਜਿਉਂ-ਜਿਉਂ ਵਿਦਿਅਕ ਅਤੇ ਵਿਗਿਆਨਕ **ਤਰੱਕੀ** ਹੁੰਦੀ ਗਈ, ਸਾਡੀ ਸਭਿਅਤਾ (civilization) ਵਿਚ ਪਰੀਵਰਤਨ ਆਉਂਦਾ ਗਿਆ ਅਤੇ ਨਾਲ ਹੀ **ਸਾਡੇ**—

ਖਿਆਲ
ਸੋਚਣੀ
ਚਿਤਵਨੀ
ਰੁਚੀਆਂ
ਰੀਝਾਂ
ਗਿਆਨ
ਕਰਮ
ਧਰਮ
ਕਹਿਣੀ
ਰਹਿਣੀ-ਬਹਿਣੀ

ਆਦਿ ਸਾਡੇ ਜੀਵਨ ਦੇ ਹਰ ਪਹਿਲੂ ਵਿਚ **ਕਰਾਂਤੀ** ਆਉਂਦੀ ਗਈ ਅਤੇ ਸਾਡੇ **ਹਉਮੈ ਦੇ ਭਰਮ-ਭੁਲਾਵੇ ਦੇ 'ਹਨੇਰ' ਦੁਆਰਾ ਜੀਵਨ ਦਾ ਗਿਆਨ ਅਤੇ ਕਦਰਾਂ-ਕੀਮਤਾਂ ਬਦਲਦੀਆਂ ਗਈਆਂ।**

**ਜਿਸ ਕਾਰਣ ਸਾਡੇ ਜੀਵਨ ਵਿਚ—**

ਖੁਦਗਰਜ਼ੀ
ਤ੍ਰਿਸ਼ਨਾ
ਕਾਮ
ਕ੍ਰੋਧ
**ਲੋਭ**
ਮੋਹ
ਹੰਕਾਰ
**ਈਰਖਾ**



and limitless methods of treatment, the level of our overall health has declined compared to earlier times. It is necessary to probe and discuss this topic seriously and in depth.

In older times people were simple, innocent with Divine inclinations. Their minds were pure, honest, strong, service-oriented and with faith-filled desire and they lived their lives according to nature with simplicity and sincerity as a result of which mental and physical diseases did not trouble them much.

As educational and scientific progress continued, so also changes occurred in our civilization and together with this in our own---

Thoughts
Thinking
Resolve
Inclinations
Knowledge
Actions
Religion
Mode of speaking
Way of living

Revolution took place in every aspect of life and through the 'darkness' of the illusion of our egotism, knowledge and norms of life began to change as well.

As a result ---

Selfishness
Desires
Lust
Anger
Greed
Attachment
Egotism
Jealousy

ਦਵੈਤ
ਵੈਰ
ਵਿਰੋਧ
ਝਗੜੇ
ਲੜਾਈਆਂ

ਆਦਿ, **ਨੀਵੇ ਮਾਇਕੀ ਅਉਗੁਣ ਵੱਧਦੇ ਗਏ**, ਅਤੇ ਅਸੀਂ ਮਾਨਸਿਕ ਅਤੇ ਸਰੀਰਕ ਤੌਰ ਤੇ **'ਰੋਗੀ' ਹੁੰਦੇ ਗਏ ।** ਇਸ ਤਰ੍ਹਾਂ ਸਾਡੇ ਵਿਚੋਂ **'ਦੈਵੀ ਗੁਣ' ਘੱਟਦੇ ਗਏ** ਅਤੇ **'ਅਸੁਰੀ ਅਉਗੁਣ 'ਵੱਧਦੇ ਤੇ ਤੀਬਰ ਹੁੰਦੇ ਗਏ ।** ਜਿਸ ਕਾਰਣ ਸਾਡਾ ਮਨ, ਬੁੱਧੀ, ਚਿਤ, ਅੰਤਿਸ਼ਕਰਨ ਆਦਿ ਮੈਲੇ, ਗੰਧਲੇ ਹੋ ਗਏ ਅਤੇ ਖੁਦਗਰਜ਼ੀ, ਤ੍ਰਿਸ਼ਨਾ, ਹੰਕਾਰ, ਈਰਖਾ, ਦਵੈਤ ਆਦਿ ਨਾਲ **ਸਾਡਾ ਜੀਵਨ ਭ੍ਰਿਸ਼ਟਾਚਾਰੀ** (corrupt) **ਹੁੰਦਾ ਗਿਆ । ਇਸ ਮਾਨਸਿਕ ਰੋਗ ਦਾ ਅਸਰ ਸਾਡੇ ਸਰੀਰ ਤੇ ਅਵੱਸ਼ ਪੈਣਾ ਸੀ**, ਜਿਸ ਕਾਰਣ ਸਰੀਰਾਂ ਦੇ ਰੋਗ ਭੀ ਵੱਧਦੇ ਗਏ । ਜਿਸ ਦਾ ਸਬੂਤ ਸਾਡੇ ਸਾਹਮਣੇ **ਪ੍ਰਤੱਖ ਪ੍ਰਗਟ ਹੋ ਰਿਹਾ ਹੈ ।**

ਇਹੋ ਜਿਹੇ ਮੈਲੇ ਅਤੇ **ਰੋਗੀ ਮਨ ਵਿਚੋਂ ਨੀਵੀਆਂ ਰੁਚੀਆਂ ਤੇ ਨੀਵੇਂ ਕਰਮ ਹੀ ਉਪਜਦੇ ਹਨ,** ਜਿਸ ਕਾਰਣ ਸੰਸਾਰ ਵਿਚ **ਖੁਦਗਰਜ਼ੀ, ਵੈਰ-ਵਿਰੋਧ**, ਈਰਖਾ-ਦਵੈਤ, ਲੁੱਟ-ਖਸੁੱਟ, ਖੋਹਾ-ਖਾਈ ਅਤੇ **ਅਸ਼ਾਂਤੀ ਵਧ ਰਹੀ ਹੈ** ਅਤੇ **ਧੋਖਾ ਬੇਈਮਾਨੀ, ਭ੍ਰਿਸ਼ਟਾਚਾਰੀ ਦਾ ਸੰਸਾਰ** ਵਿਚ ਹਰ ਪਾਸੇ ਬੋਲ-ਬਾਲਾ ਹੈ । **ਦੂਜੇ** ਲਫ਼ਜ਼ਾਂ ਵਿਚ ਸਮੁੱਚੀ ਇਨਸਾਨੀਅਤ ਦੇ ਰਗੋ-ਰੇਸ਼ੇ ਵਿਚ **ਮਾਨਸਿਕ ਗਿਲਾਨੀ ਦਾ 'ਜ਼ਹਿਰ'** (vicious poison of corruption) **ਧੱਸ, ਵੱਸ, ਰਸ ਚੁੱਕਿਆ ਹੈ** ਅਤੇ **ਇਹ 'ਛੂਤ' ਦੀ ਮਾਰੂ ਬੀਮਾਰੀ** (mortal epidemic) ਫੈਲ ਗਈ ਹੈ, ਜਿਸ ਨਾਲ ਝਗੜੇ, ਲੜਾਈਆਂ, **ਅਸ਼ਾਂਤੀ ਸਾਰੇ ਵਿਸ਼ਵ ਵਿਚ ਵੱਧਦੀ ਜਾ ਰਹੀ ਹੈ ।**

ਇਸ ਮਾਨਸਿਕ ਗਿਲਾਨੀ ਦੀ **'ਬਦਬੋ' ਜਾਂ 'ਹਵਾੜ' ਸਾਡੇ—**

ਹਿਰਦਿਆਂ
ਮਨਾਂ
ਅੰਤਿਸ਼ਕਰਨ
ਭਾਈਚਾਰੇ
ਕੌਮਾਂ
ਦੇਸਾਂ
ਮਜ਼ਹਬਾਂ
ਨੌਕਰਸ਼ਾਹੀ
ਮਹਿਕਮਿਆਂ
ਸਰਕਾਰਾਂ
ਧਾਰਮਿਕ ਅਸਥਾਨਾਂ
ਵਿਸ਼ਵ



Duality
Enmity
Opposition
Quarrels
Fights

and base materialistic demerits increased in our lives and from the view point of mental and physical condition we became 'sickly'. In this way 'Divine merits' decreased in us and 'develish merits' increased and became intense. As a result our mind, intellect, mental faculties, subconsciousness etc have become defiled and filthy and with selfishness, desires, egotism, jealousy, duality etc our lives became corrupt. The effect of this mental illness experienced by our bodies inevitably resulted in the increase of the illnesses of the body. The proof of this is being manifested right in front of our eyes.

Base inclinations and base actions sprout from such filthy and sick minds as a result of which selfishness, enmity-opposition, jealousy-duality, looting, extortion and violence are on the increase and cheating, deceiving, corruption are prevailing and flourishing in every part of the world. In other words, the vicious poison of corruption has penetrated, infiltrated, permeated throughout the muscles and fibres of all humanity and this infectious mortal epidemic has spread as a result of which quarrels, fights, violence are on the increase in the whole world.

The 'stench' or 'steam' of this mental disgust has permeated throughout our---

Hearts
Minds
Subconsciousness
Society
Communities
Countries
Religions
Bureaucracy
Departments
Governments
Religious places
World

ਦੇ 'ਰਗੋ-ਰੇਸ਼ੇ' ਵਿਚ ਸਮਾ ਗਈ ਹੈ, ਜਿਸ ਦਾ ਸਾਡੇ ਜੀਵਨ ਦੇ ਹਰ ਪਹਿਲੂ ਵਿਚ ਪ੍ਰਗਟਾਵਾ ਹੋ ਰਿਹਾ ਹੈ।

**ਦੁਨਿਆਵੀ ਪੱਧਰ** ਤੇ ਯੂ. ਐਨ. ਓ. (U.N.O.) ਵਰਗੀਆਂ ਸ੍ਰੇਸ਼ਟ ਵਿਸ਼ਵ ਸੰਸਥਾਵਾਂ ਭੀ ਇਸ **'ਗਿਲਾਨੀ' ਨੂੰ ਹਟਾਉਣ ਜਾਂ ਘਟਾਉਣ ਵਿਚ ਨਾਕਾਮਯਾਬ ਰਹੀਆਂ ਹਨ।**

**ਧਰਮ ਅਤੇ ਧਰਮ ਅਸਥਾਨ ਭੀ ਇਸ ਜ਼ਹਿਰੀਲੀ ਮਾਇਕੀ ਗਿਲਾਨੀ ਦੇ 'ਅਸਰ' ਤੋਂ ਨਹੀਂ ਬਚ ਸਕੇ।**

ਇਨ੍ਹਾਂ ਦੋਹਾਂ ਸ੍ਰੇਸ਼ਟ ਸੰਸਥਾਵਾਂ ਉਤੇ ਇਨਸਾਨ ਨੂੰ ਬੜੀਆਂ ਆਸਾਂ ਸਨ ਕਿ ਇਸ ਮਾਰੂ ਮਾਨਸਿਕ ਬੀਮਾਰੀ ਨੂੰ **ਰੋਕਣ ਜਾਂ 'ਠੱਲ੍ਹ'** ਪਾਉਣਗੀਆਂ। ਅਫਸੋਸ ਅਤੇ ਦੁਖਦਾਈ ਗੱਲ ਹੈ ਕਿ ਇਹੋ ਜਿਹੀਆਂ ਉਚੇ-ਸੁੱਚੇ **'ਮਿਆਰ'** ਦੀਆਂ ਸੰਸਥਾਵਾਂ ਨੂੰ ਭੀ ਇਸ ਮਾਨਸਿਕ ਗਿਲਾਨੀ ਦੀ **'ਲਾਗ'** (infection) ਹੋ ਰਹੀ ਹੈ।

ਇਸ ਦਾ ਪ੍ਰਤੱਖ ਸਬੂਤ ਇਹ ਹੈ ਕਿ ਜਿਉਂ-ਜਿਉਂ ਯੂ. ਐਨ. ਓ. (U.N O.) ਦੀਆਂ ਕਮੇਟੀਆਂ ਵੱਧਦੀਆਂ ਗਈਆਂ ਅਤੇ **ਧਰਮ ਅਸਥਾਨ ਤੇ ਧਰਮ ਪ੍ਰਚਾਰ ਵਧ ਰਹੇ** ਹਨ, ਉਸੇ ਲਿਹਾਜ ਨਾਲ (in proportion) **ਸੰਸਾਰ ਦੀ ਗਿਲਾਨੀ** (corruption) ਵੀ ਵੱਧਦੀ ਜਾ ਰਹੀ ਹੈ, ਅਤੇ ਨਾਲ ਹੀ **'ਪਾਪ,' ਅਤਿਆਚਾਰ, ਜ਼ੁਲਮ, ਅਸ਼ਾਂਤੀ ਭੀ ਵੱਧਦੀ ਜਾ ਰਹੀ ਹੈ।**

**'ਮਰਜ਼ ਬੜ੍ਹਤੀ ਗਈ ਜਿਉਂ-ਜਿਉਂ ਦੱਵਾ ਕੀ।'**

ਸਾਡੀ ਗਿਲਾਨੀ ਦੀ ਤਸਵੀਰ ਗੁਰਬਾਣੀ ਵਿਚ ਇਉਂ ਖਿੱਚੀ ਗਈ ਹੈ—

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥ (ਪੰਨਾ-145)

ਭਾਈ ਗੁਰਦਾਸ ਜੀ ਨੇ ਭੀ ਇਸ ਗਿਲਾਨੀ ਉਤੇ ਇਉਂ ਟਕੋਰ ਮਾਰੀ ਹੈ—

ਕਲਿ ਆਈ ਕੁਤੇ ਮੁਹੀ ਖਾਜੁ ਹੋਇਆ ਮੁਰਦਾਰ ਗੁਸਾਈ।
ਰਾਜੇ ਪਾਪ ਕਮਾਵਦੇ ਉਲਟੀ ਵਾੜ ਖੇਤ ਕਉ ਖਾਈ।
ਪਰਜਾ ਅੰਧੀ ਗਿਆਨ ਬਿਨੁ ਕੂੜੁ ਕੁਸਤਿ ਮੁਖਹੁ ਆਲਾਈ।
ਚੇਲੇ ਸਾਜ ਵਜਾਇਦੇ ਨਚਨਿ ਗੁਰੂ ਬਹੁਤੁ ਬਿਧਿ ਭਾਈ।
ਸੇਵਕ ਬੈਠਨਿ ਘਰਾਂ ਵਿਚਿ ਗੁਰ ਉਠਿ ਘਰੀ ਤਿਨਾੜੇ ਜਾਈ।
ਕਾਜੀ ਹੋਏ ਰਿਸਵਤੀ ਵਢੀ ਲੈ ਕੇ ਹਕ ਗਵਾਈ।
ਇਸਤ੍ਰੀ ਪੁਰਖੈ ਦਾਮ ਹਿਤ ਭਾਵੈ ਆਇ ਕਿਥਾਊ ਜਾਈ।
**ਵਰਤਿਆ ਪਾਪ ਸਭਸ ਜਗ ਮਾਂਹੀ ॥** ਵਾ.ਭਾ.ਗੁ. 1/30

ਅਜ ਕਲ ਇਹ **'ਮਾਨਸਿਕ ਗਿਲਾਨੀ'** ਪਹਿਲਾਂ ਨਾਲੋਂ ਕਈ ਗੁਣਾਂ ਜ਼ਿਆਦਾ ਵੱਧ ਗਈ ਹੈ ਅਤੇ ਸਾਡੇ ਜੀਵਨ ਦੇ **'ਰਗੋ-ਰੇਸ਼' ਵਿਚ ਰੱਚ-ਮਿੱਚ ਗਈ ਹੈ ਅਤੇ ਲਾ-ਇਲਾਜ ਭਾਸਦੀ ਹੈ।**



and its manifestation is taking place in every aspect of our lives.

At the level of the world, special world organisations such as UNO too have been unable to stop or lessen this corruption.

Religions and religious places also have not been able to escape the influence of this poisonous materialistic corruption.

Man had great hopes on these two organizations that they would stop or arrest the progress of this contagious mental illness. The regretful and sorrowful thing is that organizations of such lofty-pure 'standard' are also being infected by this mental corruption.

The clear proof of this is that as U.N.O committees increase in number and as religious places and religious propagation increased, the corruption of the world is also increasing in proportion and together with this, 'sins', oppression, tyranny, violence are also on the rise.

(As the saying goes) 'the illness increased in proportion to the treatment'.

Illustration of our corruption is given in Gurbani thus---

*1 The Dark Age of Kali Yuga is the knife, and the kings are butchers; righteousness has sprouted wings and flown away. (145)*
*In this dark night of falsehood, the moon of Truth is not visible anywhere.*

Bhai Gurdas Ji has also hit this corruption sarcastically as follows---

*2 a O God! The mentality of man in this Kalyug have become dog-like which always seeks the dead to eat. (unable to distinguish between right & wrong)*
*b The kings (those in power) are sinning. It's just like a protective fence devouring the crops in the field it is supposed to protect.*
*c Bereft of knowledge, the blind people are uttering falsehood.*
*d Now the gurus are dancing in multiple ways to the tunes played by the disciples.*
*e The disciples sit at home while their teachers go to their abode.*
*f Quazis accept bribes and in so doing have lost their high regard and moral ground.*
*g The love between husband and wife has been reduced to the level of monetary gains with no regard to where the riches came from.*
*h The whole world is caught up in the vice of sin and evil. (VBG 1/30)*

Nowadays this 'mental corruption' has increased manifold compared to earlier tomes. It has penetrated every aspect of our lives and appears to be incurable.

ਇਨਸਾਨੀਅਤ ਦੀ ਇਸ ਭਿਆਨਕ ਅਤੇ ਦੁਖਦਾਈ **ਅਧੋਗਤੀ** (human tragedy) ਦੇ **ਕਾਰਣ ਅਤੇ ਇਲਾਜ ਦੀ ਬਾਬਤ ਦੀਰਘ ਵਿਚਾਰ ਅਤੇ ਖੋਜ ਕਰਨ ਦੀ ਅਤਿਅੰਤ ਲੋੜ ਹੈ।**

ਗੁਰਬਾਣੀ ਦੀ ਰੌਸ਼ਨੀ ਵਿਚ ਇਸ ਜ਼ਰੂਰੀ ਅਤੇ ਦੀਰਘ (important and serious problem) ਵਿਸ਼ੇ ਦੀ ਵਿਚਾਰ ਕਰਨ ਦਾ ਉਦਮ ਕੀਤਾ ਜਾਂਦਾ ਹੈ—

ਜਦ ਸਰੀਰ ਨੂੰ ਕੋਈ ਤਕਲੀਫ ਹੁੰਦੀ ਹੈ ਤਾਂ ਅਸੀਂ ਫੌਰਨ ਉਸ ਦਾ ਓਹੜ-ਪੋਹੜ ਕਰਦੇ ਹਾਂ, ਜਾਂ ਡਾਕਟਰ ਕੋਲ ਜਾਂਦੇ ਹਾਂ ਅਤੇ ਜਦ ਤਾਈਂ ਤਕਲੀਫ਼ ਦੂਰ ਨਾ ਹੋਵੇ ਇਲਾਜ ਕਰਵਾਉਂਦੇ ਰਹਿੰਦੇ ਹਾਂ ਅਤੇ ਲੋੜੀਂਦੇ ਪਰਹੇਜ਼ ਭੀ ਰਖਦੇ ਹਾਂ ।

**ਮਾਨਸਿਕ ਤੌਰ ਤੇ ਅਸੀਂ ਕਈ ਜਨਮਾਂ ਤੋਂ ਬੀਮਾਰ ਹਾਂ** ਅਤੇ **ਮਾਨਸਿਕ ਗਿਲਾਨੀ ਨਾਲ 'ਲਥ–ਪਥ'** ਹੋ ਕੇ ਅਤਿਅੰਤ ਦੁਖੀ ਹੋ ਰਹੇ ਹਾਂ ਅਤੇ **'ਹਾਏ-ਹਾਏ'** ਕਰਕੇ ਵਿਰਲਾਪ ਕਰ ਰਹੇ ਹਾਂ ।

ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ ॥ (ਪੰਨਾ-133)

**ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ ਕਾਲਾ ਹੋਆ ਸਿਆਹੁ ॥**
ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ ॥ (ਪੰਨਾ-651)

**ਜਿਨੀ ਨਾਮੁ ਵਿਸਾਰਿਆ ਬਹੁ ਕਰਮ ਕਮਾਵਹਿ ਹੋਰਿ ॥**
**ਨਾਨਕ ਜਮਪੁਰਿ ਬਧੇ ਮਾਰੀਅਹਿ ਜਿਉ ਸੰਨੀ ਉਪਰਿ ਚੋਰ ॥** (ਪੰਨਾ-1247)

**ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ ॥**
**ਨਾਨਕ ਜਿਉ ਮਥਨਿ ਮਾਧਾਣੀਆ ਤਿਉ ਮਥੇ ਧ੍ਰਮਰਾਇ ॥** (ਪੰਨਾ-1425)

ਹੈਰਾਨੀ ਵਾਲੀ ਗੱਲ ਇਹ ਹੈ ਕਿ ਇਹੋ ਜਿਹੀ ਗਿਲਾਨੀ ਵਾਲੇ ਜੀਵਨ ਦੇ ਹਰ ਪਹਿਲੂ ਵਿਚ ਭਾਂਤ-ਭਾਂਤ ਦੇ ਅਤਿਅੰਤ ਦੁਖਦਾਈ **ਮਾਨਸਿਕ ਅਤੇ ਸਰੀਰਕ** ਰੋਗ **ਭੁਗਤਦਿਆਂ** ਅਤੇ ਹਾਏ-ਹਾਏ' ਕਰਨ ਦੇ '**ਬਾਵਜੂਦ**', ਸਾਨੂੰ ਆਪਣੀ ਦੀਰਘ ਤਰਸਯੋਗ, **ਦੁਖਦਾਈ ਅਧੋਗਤੀ ਦਾ**—

**ਅਹਿਸਾਸ ਹੀ ਨਹੀਂ**
**ਖਿਆਲ ਹੀ ਨਹੀਂ**
**ਸਮਝ ਹੀ ਨਹੀਂ**
**ਖੋਜ ਹੀ ਨਹੀਂ**

ਅਤੇ ਐਸੀ **'ਜ਼ਹਿਰੀਲੀ ਗਿਲਾਨੀ' ਤੋਂ ਬਚਣ ਦਾ ਕੋਈ**—

ਓਹੜ-ਪੋਹੜ
ਸਾਧਨ
ਉਦਮ
ਇਲਾਜ



It is very necessary to discuss and research the cause and treatment of this dreadful and painful human tragedy.

An effort is being made to discuss this important and serious problem in the light of Gurbani-

When the body experiences some difficulty we at once go for help or visit a doctor and so long as the problem does not diminish, we continue with the treatment and observe the required restrictions too.

At the mental level we are sick from many previous births and having become 'smeared' with mental corruption, are suffering and uttering 'hai-hai' (cry of pain) and are wailing and lamenting.

1 *Entangled and enmeshed in the love of false occupations, the whole world is perishing. (133)*

2 *The filth of countless incarnations sticks to this mind; it has become pitch black. The oily rag cannot be cleaned by merely washing it, even if it is washed a hundred times. (651)*

3 *Those who forget the Naam and do other things,*
*O Nanak, will be bound and gagged and beaten in the City of Death, like the thief caught red-handed. (1247)*

4 *The sinners act, and generate bad karma, and then they weep and wail.*
*O Nanak, just as the churning stick churns the butter, so does the Righteous Judge of Dharma churn them. (1425)*

The surprising thing is that despite experiencing painful mental and physical illnesses in every aspect of corrupted life and crying in pain we have

no feeling
No thought
No understanding
No research

of our serious, pitiful, human tragedy leave alone (the idea of)

Getting help
Seeking means
Making effort
Going for treatment

ਤਾਂ ਕੀ ਕਰਨਾ ਸੀ –

ਏਸੇ ਤਰ੍ਹਾਂ **'ਗਿਲਾਨੀ' ਦੇ ਮੁੱਢਲੇ ਕਾਰਨਾਂ** (root causes) ਨੂੰ—

ਜਾਨਣ
ਸਮਝਣ
ਵਿਚਾਰਨ
ਪਹਿਚਾਨਣ
ਬੁੱਝਣ
ਖੋਜਣ

**ਦੀ ਲੋੜ ਭੀ ਨਹੀਂ ਭਾਸਦੀ।**

ਯਾਦ ਰਖਣ ਵਾਲੀਆਂ ਜ਼ਰੂਰੀ **ਗੱਲਾਂ** ਇਹ ਹਨ—

1. ਦੀਰਘ ਖਤਰਨਾਕ ਸਰੀਰਕ ਬੀਮਾਰੀਆਂ ਤਪਦਿਕ, ਕੋਹੜ, ਕੈਂਸਰ ਆਦਿ ਤਾਂ 'ਮੌਤ' ਅਥਵਾ **'ਸਰੀਰ ਛੱਡਣ' ਦੇ ਨਾਲ ਹੀ ਲਹਿ ਜਾਂਦੀਆਂ ਹਨ।**
2. ਪਰ ਨੀਵੀਆਂ ਰੁਚੀਆਂ ਅਤੇ ਮਾਨਸਿਕ ਗਿਲਾਨੀ ਦੀਆਂ ਬੀਮਾਰੀਆਂ ਤਾਂ **ਮੌਤ ਦੇ ਮਗਰੋਂ ਭੀ, 'ਜੀਵ' ਦੇ ਨਾਲ ਹੀ ਜਾਂਦੀਆਂ ਹਨ।**
3. ਇਹ ਮਾਨਸਿਕ ਬੀਮਾਰੀਆਂ **ਅਗਲਿਆਂ ਜਨਮਾਂ ਵਿਚ ਭੀ** 'ਸੂਦ-ਦਰ-ਸੂਦ' (cumulative compound interest) ਵਾਂਗ ਤੀਬਰ ਹੁੰਦੀਆਂ ਜਾਂਦੀਆਂ ਹਨ ਅਤੇ ਅਸੀਂ ਆਪਣੇ 'ਸਹੇੜੇ' ਹੋਏ **ਪਾਪਾਂ ਦੇ ਅਸਰ ਹੇਠ 'ਕਰਮ-ਬੱਧ' ਹੋ ਜਾਂਦੇ ਹਾਂ।**
4. ਸਾਹੂਕਾਰਾਂ ਦੇ ਖਾਤੇ ਵਾਂਗ, ਸਾਡੇ ਕਰਮਾਂ ਅਥਵਾ **ਪਾਪਾਂ ਦਾ 'ਖਾਤਾ' ਜਾਂ ਲੇਖਾ ਜਨਮਾਂ ਤਾਂਈਂ 'ਬੇ-ਬਾਕ'** (clear) **ਨਹੀਂ ਹੁੰਦਾ। ਜਿਸ ਕਾਰਣ 'ਜਮ-ਜੇਵਰੀ' ਦੀ ਗੁਲਾਮੀ ਸਾਡੇ ਗਲੋਂ ਨਹੀਂ ਲਹਿਦੀ।**
5. ਇਸ ਹਾਲਤ ਵਿਚ ਜੇ ਕੋਈ ਪਾਠ, ਪੂਜਾ, ਕਰਮ-ਕਾਂਡ ਆਦਿ **ਸਾਧਨ ਕਰਦੇ ਭੀ ਹਾਂ ਤਾਂ ਉਸ ਦਾ ਮਾੜਾ ਮੋਟਾ 'ਫਲ' ਪਿਛਲੇ ਘੋਰ 'ਪਾਪਾਂ ਦੇ 'ਸੂਦ' ਵਿਚ ਕਟਿਆ ਜਾਂਦਾ ਹੈ ਅਤੇ ਸਾਡਾ ਲੇਖਾ ਨਹੀਂ ਨਿਬੜਦਾ।**

   **ਕਰਮ ਧਰਮ ਪਾਖੰਡ ਜੋ ਦੀਸਹਿ**
   **ਤਿਨ ਜਮੁ ਜਾਗਾਤੀ ਲੂਟੈ ॥** (ਪੰਨਾ-747)

   ਪੁੰਨ ਦਾਨੁ ਜੋ ਬੀਜਦੇ ਸਭ ਧਰਮਰਾਇ ਕੈ ਜਾਈ ॥ (ਪੰਨਾ-1414)
6. **ਇਸ ਤਰ੍ਹਾਂ** ਜਨਮਾਂ-ਜਨਮਾਂ ਦੇ ਪਾਪਾਂ ਦੀ ਗਿਲਾਨੀ **ਨਾਲ** ਸਾਡਾ **ਮਨ** ਅਤੇ ਅੰਤ੍ਰਿਕਰਨ **'ਮਨੂਰ'** ਹੋ ਜਾਂਦਾ ਹੈ ਅਤੇ **ਗੰਦਗੀ ਦੇ ਕੀੜਿਆਂ ਵਾਂਗ** ਇਸ ਗਿਲਾਨੀ



to evade such 'poisonous corruption'

Thus no need is felt to
Know
Understand
Discuss
Recognize
Discover
Research

The root causes of this 'corruption'.

The important points to remember are as follows ---

1. Serious dangerous physical diseases such as tuberculosis, leprosy, cancer, etc are eradicated with 'death' or 'leaving the body'
2. But base inclinations and illnesses of mental corruption go with the 'soul' even after death.
3. These mental illnesses become intense with cumulative compound interest in future births and we become 'action-bound' under the influence of our self-acquired sins.
4. Like the accounts of money lenders, the account of our actions or sins does not clear in future births as a result of which the slavery of the noose of yamas does not come off our necks.
5. In this situation even if we do paath ( bani reading), worship, rituals etc, the little 'fruit' of it that we qualify for is deducted as 'interest' of previous serious 'sins' and our account remains unsettled.

   a The religious rites, rituals and hypocrisies which are seen, are plundered by the Messenger of Death, the ultimate tax collector. (747)

   b The charity and generosity he pretends to give will be judged by the Righteous Judge of Dharma. (1414)
6. In this way our mind and subconsciousness become 'dross' with the corruption of sins of previous births and like the worms of filth becoming satisfied or 'immune' in this life of

ਵਾਲੇ ਜੀਵਨ ਵਿਚ ਹੀ **'ਸੰਤੁਸ਼ਟ ਜਾ ਢੀਠ'** (immune) ਹੋ ਕੇ, ਤ੍ਰੈ-ਗੁਣੀ ਮਾਇਕੀ ਮੰਡਲ ਦੇ **'ਅਥਾਹ ਬਿਖਮ ਸਾਗਰ,' 'ਅੰਧ ਘੋਰ' ਸੰਸਾਰ ਵਿਚ ਗੋਤੇ ਖਾਂਦੇ ਹਾਂ।**

ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ ॥ (ਪੰਨਾ-133)

ਜੁਗਾਂ-ਜੁਗਾਂਤਰਾਂ ਤੋਂ ਗੁਰੂ, ਅਵਤਾਰ, ਗੁਰਮੁਖਾਂ ਨੇ ਆਪਣੀ ਸ਼ਖਸੀ ਜੀਵਨੀਆਂ ਅਤੇ ਬਾਣੀਆਂ ਰਾਹੀਂ ਜੀਵਾਂ ਨੂੰ ਇਸ **ਆਤਮਿਕ ਗਿਲਾਨੀ ਤੋਂ ਬਚਣ ਲਈ ਉਪਦੇਸ਼ ਦੁਆਰਾ ਸਮਝਾਇਆ ਹੈ ਅਤੇ ਤਾੜਨਾ ਕੀਤੀ ਹੈ।**

ਗੁਰੂ ਬਾਬੇ ਨੇ ਭੀ ਸਾਨੂੰ ਆਪਣੀ ਇਲਾਹੀ ਬਾਣੀ ਵਿਚ ਇਉਂ **ਤਾੜਨਾ ਕੀਤੀ ਹੈ।**

**ਕੋਟਿ ਬਿਘਨ ਤਿਸੁ ਲਾਗਤੇ ਜਿਸ ਨੋ ਵਿਸਰੈ ਨਾਉ ॥**
**ਨਾਨਕ ਅਨਦਿਨੁ ਬਿਲਪਤੇ ਜਿਉ ਸੁੰਞੈ ਘਰਿ ਕਾਉ ॥** (ਪੰਨਾ-522)

ਅਨਕਾਏ ਰਾਤੜਿਆ ਵਾਟ ਦੁਹੇਲੀ ਰਾਮ ॥
**ਪਾਪ ਕਮਾਵਦਿਆ ਤੇਰਾ ਕੋਈ ਨ ਬੇਲੀ ਰਾਮ ॥**
ਕੋਈ ਨ ਬੇਲੀ ਹੋਈ ਤੇਰਾ ਸਦਾ ਪਛੋਤਾਵਹੇ ॥
ਗੁਨ ਗੁਪਾਲ ਨ ਜਪਹਿ ਰਸਨਾ ਫਿਰਿ ਕਦਹੁ ਸੇ ਦਿਹ ਆਵਹੇ ॥ (ਪੰਨਾ-546)

ਮਨ ਰੇ ਸੰਸਾਰੁ ਅੰਧ ਗਹੇਰਾ ॥
ਚਹੁ ਦਿਸ ਪਸਰਿਓ ਹੈ ਜਮ ਜੇਵਰਾ ॥ (ਪੰਨਾ-654)

**ਮਨ ਮੇਰੇ ਭੂਲੇ ਕਪਟੁ ਨ ਕੀਜੈ ॥**
**ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ ॥** (ਪੰਨਾ-656)

ਪਾਪ ਕਰੇਦੜ ਸਰਪਰ ਮੁਠੇ ॥ ਅਜਰਾਈਲਿ ਫੜੇ ਫੜਿ ਕੁਠੇ ॥
ਦੋਜਕਿ ਪਾਏ ਸਿਰਜਣਹਾਰੈ ਲੇਖਾ ਮੰਗੈ ਬਾਣੀਆ ॥
ਸੰਗਿ ਨ ਕੋਈ ਭਈਆ ਬੇਬਾ ॥ ਮਾਲੁ ਜੋਬਨੁ ਧਨੁ ਛੋਡਿ ਵਞੇਸਾ ॥
ਕਰਣ ਕਰੀਮ ਨ ਜਾਤੋ ਕਰਤਾ ਤਿਲ ਪੀੜੇ ਜਿਉ ਘਾਣੀਆ ॥
ਖੁਸਿ ਖੁਸਿ ਲੈਦਾ ਵਸਤੁ ਪਰਾਈ ॥ ਵੇਖੈ ਸੁਣੇ ਤੇਰੈ ਨਾਲਿ ਖੁਦਾਈ ॥
ਦੁਨੀਆ ਲਬਿ ਪਇਆ ਖਾਤ ਅੰਦਰਿ ਅਗਲੀ ਗਲ ਨ ਜਾਣੀਆ ॥
ਜਮਿ ਜਮਿ ਮਰੈ ਮਰੈ ਫਿਰਿ ਜੰਮੈ ॥ ਬਹੁਤੁ ਸਜਾਇ ਪਇਆ ਦੇਸਿ ਲੰਮੈ ॥
ਜਿਨਿ ਕੀਤਾ ਤਿਸੈ ਨ ਜਾਣੀ ਅੰਧਾ ਤਾ ਦੁਖੁ ਸਹੈ ਪਰਾਣੀਆ ॥ (ਪੰਨਾ-1019)

ਚਲਦਾ...



corruption, is immersed in the 'deep poisonous ocean' of the 'pitch dark' world of triguni ( three-phased) materialistic realm.

1 *Entangled and enmeshed in the love of false occupations, the whole world is perishing.* *(133)*

From the beginning of ages gurus, reincarnations of gods, guru-oriented loved ones through their personal lives and 'baniaa' (religious scriptures) have via their teachings explained and warned humanity how to be safe from spiritual corruption.

Guru Baba ji has warned us thus in his Divine Bani .

**2** ***Millions of obstacles stand in the way of one who forgets the Name.***
***O Nanak, night and day, he croaks like a raven in a deserted house. 522***

3 *Why are you imbued with the love of another? That path is very dangerous.*
***While in sin no friend will be there to support you.***
*No one shall be your friend, and you shall forever regret your actions.*
*You have not chanted with your tongue the Praises of the Sustainer of the World; when will these days come again?* *546*

4 *O mind, the world is a deep, dark pit.*
*On all four sides, Death has spread his net.* *654*

**5** ***O my mind, do not practice deception, even inadvertently.***
***In the end, your own soul shall have to answer for its account. 656***

6 *Those who committed sins are sure to be ruined. Azraa-eel, the Angel of Death, seizes and tortures them.*
*They are consigned to hell by the Creator Lord, and the Accountant calls them to give their account.*
*No brothers or sisters can go with them. Leaving behind their property, youth and wealth, they march off.*
*They do not know the kind and compassionate Lord; they shall be crushed like sesame seeds in the oil-press.*
*You happily, cheerfully steal the possessions of others, but the Lord God is with you, watching and listening.*
*Through worldly greed, you have fallen into the pit; you know nothing of the future.*
*You shall be born and born again, and die and die again, only to be reincarnated again.*
*You shall suffer terrible punishment, on your way to the land beyond.*
*The mortal does not know the One who created him; he is blind, and so he shall suffer.* *(1019)*

ਤੇ ਸਪਸ਼ਟ ਸਾਧਨ ਦੱਸੇ ਗਏ ਹਨ—

1. **ਸਤਿਗੁਰੂ ਦੀ ਬਖਸ਼ਿਸ਼,**
2. **ਸਾਧ ਸੰਗਤ,**
3. ਨਾਮ-ਅਭਿਆਸ ਕਮਾਈ।

ਅਸਲ ਵਿੱਚ ਗੁਰੂ ਦੀ ਕ੍ਰਿਪਾ ਨਾਲ ਹੀ ਸਾਧ ਸੰਗਤ ਮਿਲਦੀ ਹੈ —

ਕਿਰਪਾ ਕਰੇ ਜਿਸੁ ਪਾਰਬ੍ਰਹਮੁ **ਹੋਵੈ ਸਾਧੂ ਸੰਗੁ ॥**
**ਜਿਉ ਜਿਉ ਓਹੁ ਵਧਾਈਐ ਤਿਉ ਤਿਉ ਹਰਿ ਸਿਉ ਰੰਗ ॥** (ਪੰਨਾ-71)

ਸਾਧੂ ਸੰਗਤ ਅਥਵਾ **ਸਾਧ ਸੰਗਤ** ਦੀ ਪ੍ਰੇਰਨਾ ਤੇ 'ਜੀਵਨ-ਛੋਹ' ਨਾਲ **ਨਾਮ-ਅਭਿਆਸ ਕਮਾਈ ਸਹਿਜੇ ਹੀ ਹੁੰਦੀ ਹੈ** —

**ਸਤ ਸੰਗਤਿ ਲਗਿ ਹਰਿ ਧਿਆਈਐ ਹਰਿ ਹਰਿ ਚਲੇ ਤੇਰੈ ਨਾਲਿ ॥** (ਪੰਨਾ-234)

**ਪ੍ਰਭ ਕਾ ਸਿਮਰਨੁ ਸਾਧ ਕੈ ਸੰਗਿ ॥** (ਪੰਨਾ-262)

**ਮਨਿ ਤਨਿ ਪ੍ਰਭੁ ਆਰਾਧੀਐ ਮਿਲਿ ਸਾਧ ਸਮਾਗੈ ॥** (ਪੰਨਾ-817)

ਦਿਮਾਗੀ ਗਿਆਨ ਦੁਆਰਾ ਜਾਨਣਾ, ਸਮਝਣਾ ਤੇ ਇਸ ਦਿਮਾਗੀ ਰੋਸ਼ਨੀ ਦੀ ਪ੍ਰੇਰਨਾ ਨਾਲ ਉਦੱਮ ਕਰਨਾ, ਤ੍ਰੈ-ਗੁਣਾਂ ਵਿੱਚ 'ਹਉਮੈ' ਦੇ ਆਸਰੇ ਹੈ। ਸਾਡੀ ਬੁੱਧੀ ਦੀ ਸ਼ਕਤੀ ਸੀਮਿਤ ਹੈ, ਇਸ ਲਈ ਸਾਡੀ **ਸਮਝ ਅਧੂਰੀ ਤੇ ਸਾਡਾ ਉਦੱਮ ਵੀ ਗਲਤ ਹੋ ਸਕਦਾ ਹੈ।**

ਇਹੀ ਕਾਰਨ ਹੈ ਕਿ ਬੇਅੰਤ ਜਿਗਿਆਸੂ ਆਤਮਿਕ ਖੋਜ ਵਿੱਚ ਲਗੇ ਹੋਏ ਹਨ, ਪਰ **ਸਹੀ ਆਤਮਿਕ 'ਜੀਵਨ-ਸੇਧ' ਤੋਂ ਵਾਂਝੇ ਹੋਣ ਕਾਰਣ ਭੰਬਲ-ਭੂਸਿਆਂ ਵਿੱਚ ਪੈ ਕੇ 'ਖੜ੍ਹਦੀ ਕਲਾ' ਵਿੱਚ ਅਜਾਈਂ ਆਪਨਾ ਜੀਵਨ ਗੁਆ ਰਹੇ ਹਨ।**

ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ ॥
**ਪੰਚ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ ॥**
**ਪਿਆਰੇ ਇਨ ਬਿਧਿ ਮਿਲਣੁ ਨ ਜਾਈ ਮੈ ਕੀਏ ਕਰਮ ਅਨੇਕਾ** (ਪੰਨਾ-641)

ਬਿਜਲੀ ਬਾਬਤ ਸਾਡੀ ਜਾਣਕਾਰੀ ਅਤੇ ਗਿਆਨ (theory) ਸਾਡੀ ਬੁੱਧੀ ਤਾਈਂ ਸੀਮਿਤ, ਹੈ, ਪਰ ਇਸ ਦਾ **'ਤੱਤ ਗਿਆਨ'** ਬਿਜਲੀ ਦੇ 'ਕਰੰਟ' (current) ਨਾਲ **'ਛੋਹ' ਕੇ ਹੀ ਹੋ ਸਕਦਾ ਹੈ।**

ਜਦ ਬਿਜਲੀ ਦੇ ਕਰੰਟ (current) ਨਾਲ ਸਾਡਾ ਸਰੀਰ ਛੋਂਹਦਾ ਹੈ ਤਾਂ ਸਾਡੇ ਸਰੀਰ ਨੂੰ ਝੱਟਕਾ (shock) ਵਜਦਾ ਹੈ। **ਇਸ ਝਟਕੇ ਦਾ ਨਿਜੀ ਤਜਰਬਾ ਹੀ ਬਿਜਲੀ ਦੇ ਅਸਲੀ 'ਤਤ-ਗਿਆਨ' ਦਾ ਬੁੱਝਣਾ, ਸੀਝਣਾ, ਚੀਨਣਾ ਅਥਵਾ ਪਹਿਚਾਨਣਾ ਹੈ।**

ਏਸੇ ਤਰ੍ਹਾਂ 'ਸਬਦੁ', 'ਨਾਮ' ਦੀ ਬਾਬਤ ਸਾਡਾ ਦਿਮਾਗੀ ਗਿਆਨ ਅਧੂਰਾ ਤੇ ਫੋਕਾ ਹੈ।



have been narrated –

1. Grace of Satguru ( True Guru )
2. Sadhsangat (Holy congregation)
3. Cultivation of the practice of Naam (meditation)

It is indeed with the Grace of the Guru that one gets sadhsangat (the company of the holy) -

1 *The Supreme Lord showers His Mercy, and we find the SaadhSangat, the Company of the Holy.*
*The more time we spend there, the more we come to love the Lord.* *(71)*

The practice of Naam happens spontaneously with the inspiration and 'life-touch or contact' in the company of sadhus (evolved beings) or the company of the holy—

2 *Joining the Sat Sangat, meditate on the Lord, and the Lord, Har, Har, shall go along with you.* *234*

3 *The meditative remembrance of God is in the Company of the Holy.* *262*

4 *Worship and adore God in your mind and body; join the Company of the Holy.* *817*

Knowing, understanding through intellectual knowledge and with the inspiration of this intellectual light making an effort, is a prop of egotism in the in the trigun (the three phased materialism) The power of our intellect is limited, therefore, our understanding can be incomplete and our effort can be wrong as well.

This is the reason why numerous truth-seekers are involved in Divine search but because they are deprived of the correct spiritual 'life-direction', they remain in confusion, are in a 'static state' and are just wasting away their lives.

5 *They read scriptures, and contemplate the Vedas; they practice the inner cleansing techniques of Yoga, and control of the breath.*
*But they cannot escape from the company of the five passions; they are increasingly bound to egotism.*
*O Beloved, this is not the way to meet the Lord; I have performed these rituals so many times.* *(641)*

Our knowledge and theory of electricity is limited to the extent of our intellect but the 'essence knowledge' of electricity can only be obtained by 'touching' the 'current'.

When our body comes into contact with the current of electricity, it gets a shock. This personal experience of the shock is indeed the discovery, research, understanding or recognition of the real 'essence knowledge' of electricity.

In the same way our intellectual knowledge about the 'shabad', the 'Naam' is incomplete and hollow.

**ਖਾਂਡ ਖਾਂਡ** ਕਹੈ ਜਿਹਬਾ ਨ ਸ੍ਵਾਦ ਆਵੈ ਅਗਨਿ ਅਗਨਿ ਕਹੈ ਸੀਤ ਨ ਬਿਨਾਸ ਹੈ ॥
**ਬੈਦ ਬੈਦ** ਕਹੈ ਰੋਗ ਮਿਟਤ ਨ ਕਾਹੂ ਕੋ
ਦਰਬ ਦਰਬ ਕਹੈ ਕੋਊ ਦ੍ਰਬਹਿ ਨ ਬਿਲਾਸ ਹੈ ॥
ਚੰਦਨ ਚੰਦਨ ਕਹਤ ਪ੍ਰਗਟੈ ਨ ਸੁਬਾਸ ਬਾਸੁ
ਚੰਦੁ ਚੰਦੁ ਕਹੈ ਉਜਿਆਰੋ ਨ ਪ੍ਰਗਾਸ ਹੈ ॥
**ਤੈਸੇ ਗਿਆਨਿ ਗੋਸਟਿ ਕਹਤ ਨ ਰਹਤ ਪਾਵੈ**
**ਕਰਨੀ ਪ੍ਰਧਾਨ ਭਾਨੁ ਉਦਤਿ ਅਕਾਸ਼ ਹੈ ॥** (ਕ.ਭਾ.ਗੁ. 437)

ਭਾਵੇਂ **ਨਾਮ ਦੀ ਜੀਵਨ-ਰੌਂ** ਸਾਡੇ ਅੰਦਰ-ਬਾਹਰ **ਰਵਿ ਰਹੀ ਭਰਪੂਰ ਹੈ** ਅਤੇ ਸਾਨੂੰ 'ਮਾਤ ਪਿਤਾ ਦੀ ਨਿਆਂਈ' ਪਾਲਦੀ, ਪੋਸਦੀ ਅਤੇ ਪਿਆਰ ਕਰਦੀ ਹੈ- ਪਰ ਸਾਡੇ **ਮੈਲੇ ਮਨ ਨੂੰ 'ਨਾਮ' ਦੀ ਬਾਬਤ ਨਿਸਚਾ ਯਾ ਸ਼ਰਧਾ-ਭਾਵਨੀ ਨਹੀਂ ਉਪਜਦੀ।**

**'ਨਾਮ', 'ਸਬਦ', 'ਹੁਕਮ'** ਦੀ ਬਾਬਤ ਸ਼ਾਡਾ ਪੜ੍ਹਿਆ-ਪੜ੍ਹਾਇਆ, ਸੁਣਿਆ-ਸੁਣਾਇਆ, **ਓਪਰਾ ਜਿਹਾ ਗਿਆਨ ਸਾਡੀ ਬੁੱਧੀ ਤਾਂਈ ਸੀਮਿਤ ਹੈ,** ਜੋ ਛੇਤੀ ਹੀ ਉਡ-ਪੁਡ ਜਾਂਦਾ ਹੈ।

ਇਹਨਾਂ ਆਤਮਿਕ ਗੁਣਾਂ ਦਾ ਅਸਲੀ **'ਤਤ-ਗਿਆਨ'** ਸਾਡੀ ਬੁੱਧੀ ਦੀ ਪਕੜ ਤੋਂ ਪਰ੍ਹੇ ਹੈ।

**'ਸਾਧ ਸੰਗਤ' ਅਤੇ 'ਗੁਰੂ ਦੀ ਕ੍ਰਿਪਾ'** ਦੁਆਰਾ ਜਦ ਸਾਡੇ ਮਨ ਨੂੰ **ਨਾਮ ਦੀ ਜੀਵਨ-ਰੌਂ ਦੀ 'ਛੋਹ' ਲਗਦੀ ਹੈ** ਤਾਂ ਹੀ —ਸਾਡੇ ਅੰਤ੍ਰ-ਆਤਮੇ **ਅਨੁਭਵੀ ਪ੍ਰਕਾਸ਼ ਹੁੰਦਾ ਹੈ ਤੇ 'ਗੁਰ ਸਬਦੀ ਗੋਬਿੰਦ ਗੱਜਿਆ' ਹੋ ਕੇ 'ਨਾਨਕ ਕਾ ਪਾਤਸ਼ਾਹ ਦਿਸੈ ਜਾਹਿਰਾ' ਹੁੰਦਾ ਹੈ।**

ਕਰਿ ਕਿਰਪਾ ਪ੍ਰਭਿ ਸਾਧ ਸੰਗਿ ਮੇਲੀ ॥
**ਜਾ ਫਿਰਿ ਦੇਖਾ ਤਾ ਮੇਰਾ ਅਲਹੁ ਬੇਲੀ ॥** (ਪੰਨਾ-794)

ਇਸ ਅਲੌਕਿਕ ਅੰਤ੍ਰ-ਆਤਮੇ **ਅਨੁਭਵੀ 'ਪ੍ਰਕਾਸ਼' ਦੇ ਨਿਜੀ ਆਤਮਿਕ 'ਤਜਰਬੇ' ਨੂੰ ਹੀ ਬੁਝਣਾ, ਸੀਝਣਾ, ਚੀਨਣਾ ਅਤੇ ਪਹਿਚਾਨਣਾ ਕਿਹਾ ਗਿਆ ਹੈ।**

**'ਦਿਮਾਗੀ ਗਿਆਨ'** ਅਤੇ **ਅੰਤ੍ਰ-ਆਤਮੇ 'ਅਨੁਭਵੀ ਆਤਮਿਕ ਗਿਆਨ'** ਦਾ ਨਿਖੇੜਵਾਂ ਨਿਰਨਾ ਇਉਂ ਕੀਤਾ ਜਾਂਦਾ ਹੈ—

| **ਬੁੱਧੀ ਦਾ ਗਿਆਨ** | **ਅਨੁਭਵੀ ਗਿਆਨ** |
|---|---|
| 1. 'ਬੁੱਧੀ' ਤ੍ਰੈ-ਗੁਣਾਂ ਦਾ ਅੰਗ ਹੈ। ਇਸ ਦਾ ਗਿਆਨ ਭੀ **ਅਧੂਰਾ ਤੇ ਗਲਤ** ਹੋ ਸਕਦਾ ਹੈ। | 1. **'ਅਨੁਭਵ' ਇਲਾਹੀ ਪ੍ਰਕਾਸ਼ ਦੀ ਲਿਸ਼ਕ ਹੈ, ਜੋ ਅਭੁਲ ਤੇ ਪੂਰਨ ਹੈ।** |



1 *No action but repeated utterances are futile. Repeatedly saying sugar, the tongue is unable to experience sweet taste, nor shivering with cold can stop by saying fire! fire!*
2 *No ailment can be cured by repeated utterance of doctor! doctor!*
*nor can anyone enjoy the luxuries that money buys just by saying money! money!*
3 *Just as saying sandalwood! sandalwood, the fragrance of sandalwood cannot spread, nor can the radiance of the moon-light be experienced by repeatedly saying moon! moon! unless the moon rises.*
4 *Similarly, just listening to the holy sermons and discourses, no one can acquire the divine life-style and code of conduct.*
*The most fundamental need is to practice the lessons in actual life. So by the practice of the Guru's blessed Naam Simran, the light of Guru's teachings effulges in the tenth door of a human being. (The light radiance of the effulgent Lord is experienced) . (KBG 437)*

Although the life-current of Naam is wholly permeating our inside-outside and like mother-father it brings us up, nurtures us and loves us –yet in our defiled mind, no faith or faith-filled desire sprouts about 'Naam'.

Our superficial knowledge about 'Naam', 'Shabad' (word), 'Hukam' (command) is just what we have read or heard and is limited to the extent of our intellect and it disappears fast too.

The real 'essence-knowledge' of these spiritual virtues is beyond the grasp of our intellect.

When through the 'sadhsangat '(sublime company) and the 'Guru's Grace', the mind experiences the 'touch' of the life-current of Naam—and in the inner- most consciousness, intuitional illumination takes place and the ' Lord of the universe thunders through the Guru's word', the 'Supreme King of Nanak becomes immanent and manifest'.

2 *In His Mercy, God has united me with the Saadh Sangat, the Company of the Holy.*
*And when I look again, then I find God as my Helper.* *794*

This supernatural personal spiritual 'experience' of the intuitional 'illumination' in the inner-most consciousness is said to be discovering, researching, discerning and recognizing.

'Intellectual knowledge' and the 'intuitional spiritual knowledge' in the inner-most consciousness are separately or distinctly analysed as follows—

| Intellectual knowledge | Intuitional knowledge |
|---|---|
| 1.The 'intellect' is part of the trigunas. (three materialistic phases). Its knowledge can be incomplete and wrong. | 1. There is the flash of 'intuitional' Divine Illumination which is unerring and perfect. |

| | |
|---|---|
| 2. ਬੁੱਧੀ ਅਪਣਾ ਗਿਆਨ **ਬਾਹਰੋਂ** 'ਤ੍ਰੈ-ਗੁਣਾਂ' ਦੇ ਅਕਸ ਤੋਂ ਪ੍ਰਾਪਤ ਕਰਦੀ ਹੈ। | 2. 'ਅਨੁਭਵ' ਅੰਦਰਲੇ **ਆਤਮਾ ਤੋਂ ਉਪਜਦਾ** ਹੈ, ਤੇ **ਨਿਰਮਲ ਅਤੇ ਸੰਪੂਰਨ ਹੈ।** |
| 3. ਬੁੱਧੀ ਦੀ ਸਮਰਥਾ '**ਸੀਮਤ**' ਹੈ। | 3. ਅਨੁਭਵ ਦਾ ਸੋਮਾ ਇਲਾਹੀ ਮੰਡਲ ਹੋਣ ਕਰਕੇ ਇਸ ਦੀ ਸਮਰਥਾ **ਬੇਅੰਤ ਹੈ।** |
| 4. ਬੁੱਧੀ ਦਾ ਗਿਆਨ, ਸਮੇਂ ਅਨੁਸਾਰ ਬਦਲਦਾ ਰਹਿੰਦਾ ਹੈ, ਇਸ ਲਈ ਇਹ **'ਸੱਚ' ਨਹੀਂ ਹੈ।** | 4. ਅਨੁਭਵ **ਇਲਾਹੀ ਪ੍ਰਕਾਸ਼ ਦੀ 'ਲਿਸ਼ਕ ਹੈ'**, ਇਸ ਲਈ ਸਦਾ **ਅਟੱਲ ਅਤੇ ਸੱਚ ਹੈ।** |
| 5. ਬੁੱਧੀ ਦਾ ਗਿਆਨ '**ਬਾਹਰਮੁਖੀ**' ਤ੍ਰੈ-ਗੁਣਾਂ ਦੇ ਆਧਾਰ ਤੇ ਹੈ, ਜੋ ਕਿ 'ਮਾਦੀ' ਹੋਣ ਕਰਕੇ ਖੁਸ਼ਕ ਅਤੇ ਰੁੱਖਾ-ਸੁੱਕਾ ਹੈ। | 5. ਅਨੁਭਵੀ ਗਿਆਨ ਦਾ ਸੋਮਾ **ਇਲਾਹੀ ਪ੍ਰਕਾਸ਼ ਹੈ,** ਇਸ ਲਈ ਇਨ੍ਹਾਂ ਇਲਾਹੀ 'ਲਿਸ਼ਕਾਂ' ਵਿਚ ਸਾਰੇ ਗੁਣ, 'ਰੰਗ', 'ਰਸ' 'ਪ੍ਰੇਮ', 'ਚਾਓ' ਭਰਪੂਰ ਹਨ। |
| 6. ਬੁੱਧੀ ਦਾ 'ਅਧਿਆਤਮਿਕ ਗਿਆਨ' ਬਾਹਰਮੁਖੀ **ਹੋਣ** ਕਾਰਨ, ਇਹ '**ਓਪਰਾ**' (acquired) '**ਉਧਾਰਾ**' (borrowed) ਅਤੇ **ਜੂਠਾ ਹੈ।** ਇਹ ਸੁਣਿਆ-ਸੁਣਾਇਆ, ਸਮਝਿਆ-ਸਮਝਾਇਆ, ਫੋਕਟ **ਦਿਮਾਗੀ ਕਲਪਨਾ** (hypothesis) ਹੀ ਹੈ। | 6. ਅਨੁਭਵੀ ਅਧਿਆਤਮਕ ਗਿਆਨ ਅਪਣੇ ਇਲਾਹੀ ਕੇਂਦਰ ਤੋਂ ਆਉਣ ਕਰਕੇ, ਅਸਲੀ (original), ਨਿਜੀ ਤੇ ਸੱਚਾ-ਸੁੱਚਾ ਹੈ, ਤੇ **ਨਿਜੀ ਤਜਰਬੇ** (personal experience) ਤੇ ਅਧਾਰਤ ਹੈ। |
| 7. ਬੁੱਧੀ ਦਾ ਗਿਆਨ ਸਾਡੀਆਂ ਬਾਹਰਲੀਆਂ ਇੰਦਰੀਆਂ ਤੇ ਅੰਤਿਸ਼ਕਰਨ ਦਾ ਅਕਸ ਹੈ। ਇਸ ਲਈ ਇਕੋ ਵਿਸ਼ੇ ਤੇ, ਹਰ-ਇਕ ਦੀ ਭਿੰਨ-ਭਿੰਨ ਰਾਇ ਹੋ ਸਕਦੀ ਹੈ, ਜਿਸ ਕਾਰਨ ਅਕਸਰ ਵਾਦ-ਵਿਵਾਦ ਤੇ **ਝਗੜਿਆਂ ਦਾ ਕਾਰਨ ਬਣਦਾ ਹੈ।** | 7. ਅਨੁਭਵੀ ਗਿਆਨ **ਇਕੋ ਸੋਮੇ ਆਤਮ-ਪ੍ਰਕਾਸ਼ ਦੀ 'ਲਿਸ਼ਕ' ਹੋਣ ਕਾਰਨ,** ਸਾਰੀਆਂ ਰੂਹਾਂ ਦੇ ਅਨੁਭਵ ਦਾ **ਨਿਜੀ ਤਜਰਬਾ ਇਕੋ ਹੁੰਦਾ ਹੈ** ਤੇ ਕਿਸੇ **ਵਾਦ-ਵਿਵਾਦ ਲਈ ਗੁੰਜਾਇਸ਼ ਨਹੀਂ ਹੁੰਦੀ।** |
| 8. ਬੁੱਧੀ ਦਾ ਗਿਆਨ ਮਨੁੱਖੀ **ਹਉਮੈ ਦੇ ਅਧੀਨ,** ਉਸ ਦੀ ਅਪਣੀ ਮਿਹਨਤ ਅਤੇ **ਘਾਲਣਾ ਦਾ ਫਲ ਹੈ।** | 8. ਅਨੁਭਵੀ ਗਿਆਨ ਸਤਿਗੁਰੂ ਦੀ ਇਲਾਹੀ **'ਦਾਤ' ਹੈ,** ਜਿਸ ਦੀ **'ਸੰਤਨ ਹਥਿ ਰਾਖੀ ਕੂੰਜੀ'** ਹੈ। |
| 9. ਦਿਮਾਗੀ ਗਿਆਨ ਸਿਰਫ **ਇਸ ਜ਼ਿੰਦਗੀ ਵਿਚ** ਕੰਮ ਆਉਂਦਾ ਹੈ। | 9. ਆਤਮਿਕ ਗਿਆਨ **ਐਥੇ ਓਥੇ ਸਹਾਇਕ ਹੋ ਕੇ,** 'ਲੋਕ ਸੁਖੀ-ਪਰਲੋਕ ਸੁਹੇਲੇ' ਕਰਦਾ ਹੈ। |



| | |
|---|---|
| 2. The intellect acquires its knowledge from the reflection of trigunas outside. | 2. 'Intuition' originates from the soul inside us and is pure and complete. |
| 3. The capability of the intellect is limited. | 3. As the source of intuition is the Divine realm its capability is limitless. |
| 4. Knowledge of the intellect changes according to the times. Therefore, it is not the truth. | 4. Intuitional Divine illumination has a 'shine'. Therefore, it is always eternal and true. |
| 5. Knowledge of the intellect is oriented 'outwards,' Is dependent on trigunas and being 'materialistic' is dry and insipid. | 5. Because the source of intuitional knowledge is Divine illumination, the Divine ' shines' possess all virtues—'colours', 'tastes', 'love', affection. |
| 6. As the 'spiritual knowledge' of the intellect is outward bound, it is 'acquired', 'borrowed' and is false. It is just what is heard, understood and is indeed hollow intellectual hypothesis. | 6. As the intuitional spiritual knowledge comes from our Divine centre, it is original, personal, true-virtuous and is dependent on personal experience. |
| 7 .Intellectual knowledge is a reflection of our external senses and subconsciousness. Therefore, everyone can have a different opinion on a subject as a result of which arguments and quarrels take | 7. As the intuitional knowledge is from the 'shine' of one source of spiritual-illumination, the personal experience of the intuition of all souls is the same and there is no room for any controversy. |
| 8. Intellectual knowledge subordinate to human egotism is the fruit of one's hard work and toil. | 8. Intuitional knowledge is the Divine 'gift' of Satguru (true guru) the key of which is in the hands of saints. |
| 9. Intellectual knowledge is only useful in this life. | 9. Spiritual knowledge assisting here and there makes this world and the next happy and peaceful. |

L100.9

| | |
|---|---|
| 10. ਦਿਮਾਗੀ ਗਿਆਨੀ **ਹਉਮੈ ਵਿਚ ਅਪਣੀ ਵਿਦਵਤਾ ਦੀ ਪੰਡ ਚੁਕੀ ਫਿਰਦਾ ਹੈ।** 'ਜਉ ਲਉ ਪੋਟ ਉਠਾਈ ਫਿਰਿਓ ਤਉ ਲਉ ਡਾਨ ਭਰੇ' ॥ | 10. ਅਨੁਭਵੀ ਗਿਆਨ ਦੇ ਪ੍ਰਕਾਸ਼ ਵਿਚ, **ਵਿਦਵਤਾ ਦੀ ਕੂੜੀ ਹਉਮੈ ਸੜ ਜਾਂਦੀ ਹੈ** ਤੇ ਉਹ ਆਤਮਿਕ ਪ੍ਰਕਾਸ਼ ਦਾ ਰੰਗ-ਰਸ ਮਾਣਦਾ ਹੈ। |
| 11. ਦਿਮਾਗੀ ਗਿਆਨੀ ਤ੍ਰੈ-ਗੁਣੀ ਮਾਇਆ ਦੀ ਖੋਜ ਤੇ 'ਸੰਗਤ' ਕਰਦਾ ਹੋਇਆ **ਮੋਹ-ਮਾਇਆ ਵਿਚ ਗਲਤਾਨ ਰਹਿੰਦਾ ਹੈ ਤੇ 'ਦੂਜੇ-ਭਾਉ' ਅੰਦਰ ਢਹਿੰਦੀਆਂ ਕਲਾਂ** ਵਿਚ ਵਿਚਰਦਾ ਹੈ। | 11. ਅਨੁਭਵੀ ਗਿਆਨ ਇਲਾਹੀ ਗੁਣ— 'ਪ੍ਰੀਤ, ਪ੍ਰੇਮ, ਰਸ, ਚਾਉ' ਦੇ ਵਲਵਲੇ ਮਾਣਦਾ ਹੋਇਆ **ਚੜ੍ਹਦੀਆਂ ਕਲਾਂ** ਵਿਚ ਵਿਚਰਦਾ ਹੈ। |
| 12. ਦਿਮਾਗੀ ਗਿਆਨ ਸਾਨੂੰ **ਤ੍ਰੈ-ਗੁਣਾਂ ਦੀ ਟੀਸੀ ਤਾਈਂ ਪੁਚਾ ਸਕਦਾ ਹੈ,** ਪਰ ਉਦੂੰ ਅਗਾਂਹ, **ਆਤਮਿਕ ਵੇੜ੍ਹੇ ਵਿਚ ਦਾਖਿਲ ਕਰਨ ਦੀ ਸਮਰਥਾ ਨਹੀਂ ਰਖਦਾ।** | 12. ਆਤਮਿਕ ਗਿਆਨ ਤ੍ਰੈ-ਗੁਣਾਂ ਦੇ **ਮਾਇਕੀ ਦਾਇਰੇ ਚੋਂ ਕੱਢ ਕੇ ਇਲਾਹੀ ਦੇਸ਼ ਦੇ 'ਪ੍ਰਕਾਸ਼ ਰੂਪ' ਵਿਚ ਦਾਖਿਲ ਕਰਦਾ ਹੈ।** |
| 13. ਦਿਮਾਗੀ ਗਿਆਨ ਹਾਸਿਲ ਕਰਨ ਲਈ ਅਤਿਅੰਤ **ਘਾਲਣਾ ਤੇ ਖਰਚ ਦੀ ਲੋੜ ਹੈ।** | 13. ਅਨੁਭਵੀ ਗਿਆਨ ਅਮੋਲਕ **ਇਲਾਹੀ ਦਾਤ ਹੈ,** ਜਿਸ ਲਈ ਸਤਿਗੁਰੂ ਨੂੰ **'ਆਪਾ' ਭੇਟ ਕਰਨਾ ਪੈਂਦਾ ਹੈ** ਤੇ ਜੋ ਗੁਰਮੁਖ ਪਿਆਰਿਆਂ, ਸੰਤਾਂ, ਮਹਾਂਪੁਰਖਾਂ ਦੀ **ਸੰਗਤ ਵਿਚ ਸਹਿਜੇ ਹੀ ਪ੍ਰਾਪਤ ਹੋ ਜਾਂਦਾ ਹੈ।** |
| 14. ਦਿਮਾਗੀ ਗਿਆਨ **ਕੁਦਰਤ ਦੇ ਗੁੱਝੇ ਭੇਦਾਂ ਦੀ ਕੁੰਜੀ ਹੈ।** | 14. ਅਨੁਭਵੀ ਗਿਆਨ **'ਇਲਾਹੀ ਦੇਸ਼' ਦੇ ਭੇਤਾਂ ਦੀ ਕੁੰਜੀ ਹੈ।** |
| 15. ਦਿਮਾਗੀ ਗਿਆਨੀ ਕੁਦਰਤੀ ਭੇਦਾਂ ਦੀ ਖੋਜ ਕਰ ਕੇ ਹੈਰਾਨ ਹੁੰਦੇ ਹਨ ਤੇ **ਆਕੜੇ ਫਿਰਦੇ ਹਨ।** | 15. ਅਨੁਭਵੀ ਗਿਆਨ ਦੁਆਰਾ ਜੀਵ **'ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ ॥ ਤਾ ਮੇਰੈ ਮਨ ਭਇਆ ਨਿਧਾਨਾ ॥'** ਅਨੁਸਾਰ ਕਿਸੇ **ਵਿਸਮਾਦੀ ਨਸ਼ੇ ਵਿਚ 'ਵਾਹੁ-ਵਾਹੁ' ਕਹਿ ਉਠਦਾ ਹੈ, ਤੇ ਇਲਾਹੀ ਮੰਡਲਾਂ ਦੇ ਸੁਹਣੇ ਪ੍ਰਕਾਸ਼ ਵਿਚ ਉਡਾਰੀਆਂ ਲਾਉਂਦਾ ਹੈ।** |



| | |
|---|---|
| 10. The scholar with intellectual knowledge is Going about in egotism carrying the bundle of his learning. As long as I walked along, carrying the load, I continued to pay the fine. | 10. In the illumination of intuitional knowledge, false egotism of learning is burnt and the love-relish of spiritual illumination is enjoyed. |
| 11. The scholar with intellectual knowledge researching having the company of triguni materialism remains engrossed in attachment-maya and abiding in the 'second-love' passes through a state of demoralization. | 11. One with intuitional knowledge enjoying and, the feelings of Divine virtues—'love, affection, relish, joy, remains in high morale. |
| 12. Intellectual knowledge can take us to the highest point of trigunas, but beyond that has no capability to admit us even in the spiritual court. | 12. Spiritual knowledge taking us out of the materialistic sphere of trigunas admits us in the 'illumination form' of Divine territory. |
| 13. To acquire intellectual knowledge a great deal of toil and expenditure is necessary. | 13. Intuitional knowledge is an invaluable Divine gift for which we have to sacrifice our 'self' to the Satguru and in the company of 'guru-oriented beloved ones, saints, great Souls, it is easily acquired. |
| 14. Intellectual knowledge is the key to the hidden secrets of nature. | 14. Intuitional knowledge is the key to the secrets of 'Divine territory'. |
| 15. Intellectual scholars, researching the natural secrets are amazed and go about arrogantly in self-conceit.<br>. | 15. Through intuitional knowledge when man 'opened and saw the treasure of his father and grandfather, happiness overwhelmed me', and in some wondrous intoxication he cries out 'Vah! Vah! as he takes flights in the beautiful illumination of the Divine realm |

| | |
|---|---|
| 16. ਦਿਮਾਗੀ ਗਿਆਨ ਤ੍ਰੈ-ਗੁਣੀ 'ਦੂਜੇ ਭਾਉ' ਦੀ ਰੰਗਤ ਨਾਲ ਜੀਵਾਂ ਵਿਚ ਖੁਦਗਰਜੀ, ਦਵੈਤ, ਤ੍ਰਿਸ਼ਨਾ, ਨਫਰਤ, ਲੜਾਈਆਂ, ਝਗੜੇ ਤੇ ਜ਼ੁਲਮ ਦਾ ਕਾਰਨ ਬਣਿਆ ਹੈ, ਜਿਹਾ ਕਿ ਪਿਛਲੀਆਂ ਭਿਆਨਕ ਲੜਾਈਆਂ । | 16. ਅਨੁਭਵੀ ਗਿਆਨ ਜੀਵਾਂ ਨੂੰ ਆਪਣੇ ਕੇਂਦਰ 'ਰੱਬ' ਦੀ 'ਸੋਝੀ' ਦਿੰਦਾ ਹੈ, ਤੇ ਮੈਤ੍ਰੀ-ਭਾਵ, ਪ੍ਰੀਤ, ਪ੍ਰੇਮ, ਸੇਵਾ ਅਤੇ ਕੁਰਬਾਨੀ ਵੱਲ ਪ੍ਰੇਰਦਾ ਹੈ । |
| 17. ਦਿਮਾਗੀ ਗਿਆਨ ਦੇ ਬੇਅੰਤ ਵਿਕਾਸ ਹੋਣ ਦੇ ਬਾਵਜੂਦ, ਦੁਨੀਆਂ ਵਿਚ ਈਰਖਾ, ਦਵੈਤ, ਨਫਰਤ, ਤ੍ਰਿਸ਼ਨਾ, ਲੜਾਈਆਂ, ਜ਼ੁਲਮ, ਅਸ਼ਾਂਤੀ ਵੱਧਦੀ ਜਾ ਰਹੀ ਹੈ । | 17. ਅਨੁਭਵੀ ਗਿਆਨ ਦਾ ਜਿਥੇ ਭੀ ਪ੍ਰਕਾਸ਼ ਹੋਇਆ ਹੈ, ਉਥੇ ਹੀ ਅਸੁਰੀ ਅਉਗਣਾਂ ਦੀ ਬਜਾਏ, ਦੈਵੀ ਗੁਣਾਂ ਦਾ ਪ੍ਰਵੇਸ਼ ਹੈ, ਤੇ ਸ਼ਾਂਤੀ ਵਰਤਦੀ ਹੈ, ਜਿਹਾ ਕਿ ਬਖਸ਼ੇ ਹੋਏ ਗੁਰਮੁਖ ਪਿਆਰੇ, ਮਹਾਂ-ਪੁਰਖਾਂ ਦੀ ਸੰਗਤ ਅਥਵਾ ਸਾਧ ਸੰਗਤ ਵਿਚ । |
| 18. ਦਿਮਾਗੀ ਗਿਆਨ 'ਦੂਜੇ ਭਾਉ' (duality) ਵਿਚ ਵਿਚਰਦਾ ਹੈ, ਇਸ ਲਈ ਜਿਥੇ ਇਸ ਨੇ ਸਾਨੂੰ ਬੇਅੰਤ ਸੁਖ-ਆਰਾਮ ਪਹੁੰਚਾਇਆ ਹੈ, ਉਥੇ ਉਦੂੰ ਜ਼ਿਆਦਾ ਦੁਖ, ਕਲੇਸ਼ ਤੇ ਅਸ਼ਾਂਤੀ ਦਾ ਕਾਰਨ ਬਣਿਆ ਹੈ । | 18. ਅਨੁਭਵੀ ਗਿਆਨ ਦਾ ਸੋਮਾ ਇਕ ਪ੍ਰਮਾਤਮਾ ਹੋਣ ਕਾਰਨ, ਸਾਨੂੰ ਉਸ 'ਏਕੇ' ਦੇ ਸੋਹਣੇ ਪ੍ਰਕਾਸ਼ ਮੰਡਲ ਦੀ ਸੋਝੀ ਦਿੰਦਾ ਹੈ, ਜਿਸ ਵਿਚ ਪ੍ਰੀਤ, ਪ੍ਰੇਮ, ਰਸ, ਰੰਗ, ਚਾਉ, ਰਵਿ ਰਹਿਆ ਹੈ ਤੇ ਤ੍ਰੈ-ਗੁਣ ਦੇ 'ਦੂਜੇ ਭਾਉ' ਦੀ ਅਣਹੋਂਦ ਹੈ । |
| 19. ਦਿਮਾਗੀ ਗਿਆਨੀ ਉਕਤੀਆਂ-ਜੁਗਤੀਆਂ, (philosophy) ਦੇ ਜੰਗਲ ਵਿਚ ਆਪ ਫਸ ਜਾਂਦੇ ਹਨ ਤੇ ਹੋਰਨਾਂ ਲੋਕਾਂ ਨੂੰ ਫਸਾਈ ਰਖਦੇ ਹਨ ਤੇ 'ਨਾਨਕ ਲੇਖੈ ਇਕ ਗਲ' ਤੋਂ ਦੁਰੇਡੇ ਚਲੇ ਜਾਂਦੇ ਹਨ । | 19. ਅਨੁਭਵੀ ਗਿਆਨ ਲਈ ਕਿਸੇ ਦਿਮਾਗੀ ਉਕਤੀ-ਜੁਗਤੀ (philosophy) ਦੀ ਲੋੜ ਨਹੀਂ, ਇਹ ਤਾਂ 'ਭੋਲੇ-ਭਾਇ' ਸ਼ਰਧਾ-ਭਾਵਨੀ ਦੀ 'ਖੇਲ' ਹੈ । |
| 20. ਦਿਮਾਗੀ 'ਅਧਿਆਤਮਿਕ' ਗਿਆਨ ਨਾਲ ਸਾਡੀ ਹਉਮੈ ਨੂੰ ਪੱਠੇ ਪੈਂਦੇ ਹਨ, ਤੇ ਅਸੀਂ 'ਭਲੇ-ਭਲੇਰੇ' ਬਣ ਜਾਂਦੇ ਹਾਂ । ਸਾਡੇ ਮਨ ਨੂੰ ਸਿਆਣਪ ਤੇ ਵਿਦਵਤਾ ਦੀ ਪਾਣ (galvanized) ਚੜ੍ਹ ਜਾਂਦੀ ਹੈ, ਜਿਸ ਕਾਰਨ ਸਾਡੇ ਮਨ ਉੱਚੀ-ਸੁੱਚੀ ਇਲਾਹੀ 'ਭਾਵਨਾ' ਤੇ ਅਨੁਭਵੀ ਲਿਸ਼ਕਾਂ ਤੋਂ ਵਾਂਝੇ ਰਹਿੰਦੇ ਹਨ । | 20. ਅਨੁਭਵੀ ਗਿਆਨ ਲਈ ਨਿਰਮਲ ਮਨ ਦੀ ਲੋੜ ਹੈ, ਜਿਸ ਤੇ ਪਹਿਲਾਂ ਤੋਂ ਕਿਸੇ ਹੋਰ ਦਿਮਾਗੀ ਗਿਆਨ ਦੀ 'ਪਾਣ' ਨਾ ਚੜ੍ਹੀ ਹੋਵੇ । (Not galvanized with any preconceived intellectual ideas or conception.) |



| | |
|---|---|
| 16. Intellectual knowledge with the hue of triguni 'second-love' has become the cause of selfishness, duality, desire, hatred, fights, quarrels and tyranny among people as it happened in previous dreadful wars. | 16. Intuitional knowledge gives us 'awareness' of our centre, 'God' and motivates us towards friendship, love, affection, service and sacrifice. |
| 17. Despite the unlimited progress of intellectual Knowledge, jealousy, duality, hatred, desire, fights, tyranny, turmoil are on the increase in the world. | 17. Where the illumination of intuitional knowledge takes place, there Divine merits make their presence in place of devilish demerits as in the company of spiritually elevated guru-oriented beloveds, great souls or holy congregation. |
| 18. Intellectual knowledge abides in 'duality', Therefore while it has given us limitless comfort- it has also become the cause of more pain, suffering and turmoil. | 18. As the source of institutional knowledge is one Supreme Soul, it gives us an awareness of the beautiful illuminated realm of that 'One' in which love, affection, relish, fondness, joy are permeating and there is absence of the triguni (the three phased) 'second love'. |
| 19. Intellectual scholars get entangled in the jungle of philosophy and they get others entangled as well and they distance themselves from (what is said in Gurbani ) 'O Nanak, only one thing is of any account'. | 19. For intuitional knowledge there is no need for any intellectual philosophy. It is in fact the 'play' of 'simple-minded' faith-filled desire or devotion. |
| 20. With intellectual 'spiritual' knowledge our ego is pandered to and we regard ourselves as 'noble'. Our mind is galvanized with cleverness and learning as a result of which our minds remain deprived of lofty-pure Divine 'desire' and intuitional glitters. | 20. For intuitional knowledge a pure clean mind is necessary—a mind which has not been galvanized with any preconceived intellectual ideas or conception. |

**'ਹੋਸ਼ਾਂ'** ਨੂੰ ਤਿਆਗ ਕੇ **'ਮਸਤੀ'** ਦਾ ਰਾਹ ਫੜਨਾ ਹੈ। ਅਕਲ, ਚਤੁਰਾਈ, ਉਕਤੀਆਂ, ਜੁਗਤੀਆਂ ਅਤੇ ਖਿਆਲੀ ਕਲਪਨਾ ਦੀਆਂ ਉਡਾਰੀਆਂ ਨਾਲ, **ਇਲਾਹੀ ਸੂਖਮ 'ਤੱਤ' ਦਾ ਅਨੁਭਵੀ ਪ੍ਰਕਾਸ਼ ਨਹੀਂ ਹੋ ਸਕਦਾ।**

**'ਅਨੁਭਵੀ ਪ੍ਰਕਾਸ਼' ਵਿਚ ਸਾਰੇ ਕੰਮ ਸਹਿਜੇ ਹੀ ਸੌਰਦੇ ਹਨ ਤੇ ਮਨੁੱਖ ਅਨੰਦ, ਸਹਿਜ ਅਤੇ ਖੇੜੇ ਦੀ ਅਵਸਥਾ ਵਿਚ ਪਹੁੰਚਦਾ ਹੈ।**

ਸੱਚ ਤਾਂ ਇਹ ਹੈ ਕਿ ਸਾਡਾ ਰੱਬ, ਸਾਡੇ ਅੰਦਰ ਗੁਪਤ ਅਤੇ ਓਤ-ਪੋਤ ਲਪਟਿਆ ਹੈ, ਸਾਡਾ ਮਨ ਸਾਡੀ ਆਤਮਾ ਦਾ ਹੀ **ਅਕਸ** ਹੈ, ਪਰ ਇਸ ਮਨ ਤੇ 'ਹਉਮੈਂ', ਦਾ ਪਰਦਾ ਹੋਣ ਕਾਰਨ, ਸਾਨੂੰ ਅਪਣੇ **'ਆਪੇ' ਦੀ ਸੋਝੀ ਨਹੀਂ ਪੈਂਦੀ।**

**ਹਉਮੈ ਬੂਝੈ ਤਾ ਦਰੁ ਸੂਝੈ ॥** (ਪੰਨਾ-466)

ਕਹੁ ਨਾਨਕ ਹਉਮੈ ਭੀਤਿ ਗੁਰਿ ਖੋਈ ਤਉ ਦਇਆਰੁ ਬੀਠਲੋ ਪਾਇਓ ॥ (ਪੰਨਾ-624)

ਹਉਮੈ ਜਾਇ ਤ ਏਕੋ ਬੂਝੈ ਸੋ ਗੁਰਮੁਖਿ ਸਹਜਿ ਸਮਾਇਦਾ ॥ (ਪੰਨਾ-1076)

ਮਤਲਬ ਇਹ ਹੈ ਕਿ ਤ੍ਰੈ-ਗੁਣਾਂ ਦੇ ਭਰਮ ਵਿੱਚ, **'ਹਉਮੈ ਦੇ ਨਸ਼ੇ' ਨਾਲ, ਸਾਨੂੰ 'ਡੂੰਘੀ ਘੂਕੀ' ਚੜ੍ਹੀ ਹੋਈ ਹੈ,** ਤੇ ਅਸੀਂ ਅਪਣੇ ਅਸਲੇ, **'ਆਪੇ' ਨੂੰ ਬੁੱਝ ਨਹੀਂ ਸਕਦੇ।** (We are in deep coma under the spell of illusive Maya and Ego.)

ਤ੍ਰੈ-ਗੁਣਾਂ ਦੀ **'ਮਾਇਕੀ ਘੂਕੀ' ਤੋਂ ਜਾਗਣ ਲਈ,** 'ਸਾਧ ਸੰਗਤ' ਦੀ ਸਹਾਇਤਾ ਤੇ ਅਗਵਾਈ ਦੀ ਅਤਿ ਲੋੜ ਹੈ। ਨਾਮ-ਸਿਮਰਨ ਦਾ ਅਭਿਆਸ ਕਰਨ ਨਾਲ ਹੀ ਅਸੀਂ ਇਸ **'ਮਾਇਕੀ ਨੀਂਦਰ' ਤੋਂ ਜਾਗ ਕੇ** ਆਪਣੇ ਪ੍ਰਮੇਸ਼ਰ ਨਾਲ ਜੁੜ ਸਕਦੇ ਹਾਂ। ਹੋਰ ਸਪਸ਼ਟ ਕਰਨ ਲਈ ਇਉਂ ਕਿਹਾ ਜਾ ਸਕਦਾ ਹੈ ਕਿ **'ਹਉਮੈ' ਦੇ ਨਸ਼ੇ ਵਿੱਚ** ਅਸੀਂ ਆਪਣੇ ਅਸਲੇ **'ਰੱਬ' ਨੂੰ ਭੁੱਲ ਚੁਕੇ ਹਾਂ।** ਜੇ ਅਸੀਂ ਇਸ **'ਭੁੱਲ' ਨੂੰ 'ਯਾਦ' ਵਿੱਚ ਬਦਲ ਦੇਈਏ** ਤਾਂ ਸਾਨੂੰ ਇਲਾਹੀ ਦੁਨੀਆਂ ਦੀ ਸੂਝ-ਬੂਝ ਹੋ ਸਕਦੀ ਹੈ। (With the help and guidence of inspired and illuminated Souls and their personal magnetic infection, the Conciousness of our Souls can be awakened.)

ਇਹ ਜੀਵ' **ਰਾਮ ਦੀ ਅੰਸ਼ ਹੈ।**

**ਕਹੁ ਕਬੀਰ ਇਹੁ ਰਾਮ ਕੀ ਅੰਸੁ ॥** (ਪੰਨਾ-871)

ਅਨੇਕਾਂ ਜਨਮਾਂ ਤੋਂ 'ਹਉਮੈ ਦੇ ਭਰਮ' ਕਾਰਨ ਜੀਵ **ਅਪਣੇ 'ਆਪੇ' ਤੋਂ ਭੁਲਿਆ ਹੋਇਆ ਹੈ।** ਮਨੁੱਖਾ ਜਨਮ ਵਿੱਚ ਹੀ ਜੀਵ ਨੂੰ ਅਪਣੇ 'ਆਪੇ' ਨੂੰ ਬੁੱਝਣ-'ਸੀਝਣ' ਦਾ **ਮੌਕਾ** (chance) **ਮਿਲਿਆ ਹੈ।** ਪਰ ਮਨੁੱਖ ਦੀ ਕਿੰਨੀ ਅਫਸੋਸਨਾਕ ਅਧੋਗਤੀ ਹੈ, ਕਿ ਦਿਮਾਗੀ ਗਿਆਨ ਦੇ ਬੇਅੰਤ ਵਿਕਾਸ ਹੁੰਦਿਆਂ ਹੋਇਆਂ ਭੀ ਇਹ **ਅਪਣੇ 'ਆਪੇ', 'ਬੇਗਮਪੁਰਾ', 'ਪੀਊ**



Forsaking 'mental faculties' we have to take the path of 'care-freeness'. Intuitional illumination of Divine abstract 'essence' cannot take place with intelligence, cunningness, schemes, methodologies and the flights of thoughtful imagination.

In 'intuitional illumination', all work and business are easily accomplished and man reaches the stage of bliss, tranquillity and delight.

The truth is that our God is hidden, interwoven, intertwined and permeating in us. Our mind is the reflection of our soul, but because the mind has the mask of 'egotism' on it, we are unable to become aware of our 'self'.

1 *When one understands ego, then the Lord's gate is known. (466)*

2 *Says Nanak, when the Guru tore down the wall of egotism, then, I found my Merciful Lord and Master. (624)*

3 *When egotism is silenced, then one comes to know the One Lord. Such a Gurmukh intuitively merges in the Lord. (1076)*

This means that we are in deep coma under the spell of illusive maya and ego and we are unable to discover our real 'self'.

To wake up from the materialistic 'deep sleep' of trigun (three-phased materialism), the assistance and leadership of 'sadhsangat' (holy company) is very necessary. It is with the practice of Naam-simran (meditation) that we, wake up from this 'materialistic sleep', can unite with our Supreme Lord. To make it clearer, it can be said that in the intoxication of 'egotism', we have forgotten our real 'God'. If we change this 'forgotten' into 'remembrance' then we can get the awareness of the Divine World. In other words with the help and guidance of inspired and illuminated Souls and their personal magnetic infection, the Consciousness of our Souls can be awakened.

Man is an offspring of God.

4 *Says Kabeer, this is formed of the same essence as the Lord. ( 871)*

From many previous births, man because of the 'illusion of egotism', has forgotten his 'self'. It is in human birth that he has got the chance to 'discover-research' his 'self'. But it is a great sorrowful downfall of man that despite the development of limitless intellectual knowledge, he has been unable to discover, research, discern, recognize his 'self', the 'worriless city', 'the treasure of my father and

ਦਾਦੇ ਦਾ ਖਜਾਨਾ' ਨੂੰ 'ਬੁੱਝ', 'ਸੀਝ', 'ਚੀਨ', 'ਪਹਿਚਾਨ' ਨਹੀਂ ਸਕਿਆ ਤੇ ਸਾਰਾ ਜੀਵਨ ਪਸ਼ੂ ਦੀ ਨਿਆਈਂ, ਖਾਣ-ਪੀਣ-ਕੰਮ ਕਰਦਿਆਂ ਸੌਣ ਵਿੱਚ ਗਵਾ ਲੈਂਦਾ ਹੈ ਤੇ ਸਦਾ ਦੁਖ-ਕਲੇਸ਼ ਅਤੇ ਫ਼ਿਕਰ-ਚਿੰਤਾ ਦਾ ਸ਼ਿਕਾਰ ਬਣਿਆ ਰਹਿੰਦਾ ਹੈ, ਤੇ ਆਤਮਿਕ ਸੁਖ ਪ੍ਰੀਤ ਪ੍ਰੇਮ, ਰਸ, ਚਾਉ ਵਾਲੇ ਜੀਵਨ ਤੋਂ ਵਾਂਝਾ ਰਹਿੰਦਾ ਹੈ ।

ਬਿਨੁ ਬੂਝੇ ਪਸੂ ਕੀ ਨਿਆਈ ਭ੍ਰਮਿ ਮੋਹਿ ਬਿਆਪਿਓ ਮਾਇਆ ॥ (ਪੰਨਾ-1300)

ਸਾਡੇ ਗਿਆਨ ਤਿੰਨ ਕਿਸਮਾਂ ਵਿੱਚ ਵੰਡੇ ਜਾ ਸਕਦੇ ਹਨ—

1. 'ਮਾਦੀ' ਗਿਆਨ ।
2. ਧਾਰਮਿਕ ਗਿਆਨ ।
3. ਅਨੁਭਵੀ ਗਿਆਨ ।

ਸਾਰੀ ਦੁਨੀਆ 'ਮਾਦੀ' ਗਿਆਨ ਵਿੱਚ ਗਲਤਾਨ ਹੈ, ਤੇ ਧਾਰਮਿਕ ਗਿਆਨ ਤੋਂ ਅਣਜਾਣ ਜਾਂ ਅਵੇਸਲੀ ਹੈ । ਧਾਰਮਿਕ ਗਿਆਨ ਵੱਲ, ਕਿਸੇ-ਕਿਸੇ ਦੀ ਰੁਚੀ ਹੁੰਦੀ ਹੈ, ਪਰ ਉਹ ਭੀ, 'ਅਨੁਭਵੀ ਆਤਮਿਕ ਗਿਆਨ' ਤੋਂ ਕੋਰੇ ਹੁੰਦੇ ਹਨ ।

ਇਸ ਤਰ੍ਹਾਂ ਅਸੀਂ ਸਾਰੇ ਹੀ 'ਮਾਦੀ' ਤੇ 'ਧਾਰਮਿਕ' ਗਿਆਨ ਵਿੱਚ ਐਨੇ ਰੁੱਝੇ ਹੋਏ ਹਾਂ, ਕਿ ਸਾਨੂੰ 'ਅਨੁਭਵੀ ਆਤਮਿਕ ਗਿਆਨ' ਦੀ ਲੋੜ ਹੀ ਨਹੀਂ ਜਾਪਦੀ, ਉਦੱਮ ਤਾਂ ਕੀ ਕਰਨਾ ਸੀ । ਹਾਲਾਂ ਕਿ ਸਾਰੀ ਗੁਰਬਾਣੀ ਦਾ ਇਸ ਅਨੁਭਵੀ ਆਤਮਿਕ ਗਿਆਨ ਵੱਲ ਇਸ਼ਾਰਾ ਤੇ ਪ੍ਰੇਰਨਾ ਹੈ । ਇਸ ਤਰ੍ਹਾਂ ਅਸੀਂ ਬਦਾਮ ਦੇ 'ਛਿਲੱੜ' ਤੇ 'ਗਿਰੀਆਂ' ਵਿੱਚ ਹੀ ਫਸੇ ਹੋਏ ਹਾਂ, ਤੇ ਤੱਤ ਰੂਪ 'ਬਦਾਮ-ਰੋਗਨ' ਤੋਂ ਬੇ-ਖਬਰ ਹਾਂ ।

ਮਾਦੀ ਤੇ ਧਾਰਮਿਕ ਗਿਆਨ, ਹਉਮੈ ਦੇ ਰੰਗਣ ਵਿੱਚ, ਤ੍ਰੈ-ਗੁਣਾਂ ਦੇ ਦਾਇਰੇ ਅੰਦਰ ਪ੍ਰਵਿਰਤ ਹੈ । ਇਨ੍ਹਾਂ ਦੇ ਅਕਸ ਵਿਚ ਸਾਡਾ ਜੀਵਨ 'ਇਕ-ਪੱਖੀ' ਤੇ ਅਪੂਰਨ ਹੋਣ ਕਾਰਨ, ਦੁਖ-ਕਲੇਸ਼, ਈਰਖਾ-ਦਵੈਤ, ਰੋਗ, ਚਿੰਤਾ ਵਿਚ ਗਲਤਾਨ ਹੋ ਕੇ ਦੁਖੀ ਹੋ ਰਿਹਾ ਹੈ ਤੇ ਦੈਵੀ ਆਤਮਿਕ ਗੁਣਾਂ, ਪ੍ਰੀਤ, ਪ੍ਰੇਮ ਰਸ, ਸੁਖ, ਸ਼ਾਂਤੀ ਤੋਂ ਵਾਂਝਾ ਹੈ । ਇਸ ਲਈ ਸਾਡੇ ਜੀਵਨ ਨੂੰ 'ਪੂਰਨ' ਤੇ ਸੁਖੀ ਬਨਾਉਣ ਲਈ, ਮਾਦੀ ਤੇ ਧਾਰਮਿਕ ਗਿਆਨ ਤੋਂ ਇਲਾਵਾ, ਅਨੁਭਵੀ ਆਤਮਿਕ ਗਿਆਨ ਦੀ ਵੀ ਲੋੜ ਹੈ ਨਹੀਂ ਤਾਂ ਦੁਨੀਆਂ ਦੀ ਵਰਤਮਾਨ ਦੁਖਦਾਈ ਮਾਨਸਿਕ, ਭਾਈਚਾਰਕ ਅਤੇ ਆਤਮਿਕ ਹਾਲਤ ਦਾ ਸੁਧਾਰ ਨਹੀਂ ਹੋ ਸਕਦਾ ।

ਸਾਡਾ ਵਰਤਮਾਨ ਵਿਦਿਅਕ ਤੇ ਭਾਈਚਾਰਕ ਢਾਂਚਾ, ਸਿਰਫ਼ 'ਮਾਦੀ' ਗਿਆਨ ਤੇ ਨਿਰਭਰ ਹੈ, ਤੇ ਆਉਣ ਵਾਲੀ ਪਨੀਰੀ ਨੂੰ ਮਾਦੀ ਗਿਆਨ ਦੀ 'ਪੱਕੀ ਪਾਣ' (Galvanized with worldly knowledge) ਚੜ੍ਹਾ ਰਿਹਾ ਹੈ । ਇਹੋ ਕਾਰਨ ਹੈ ਕਿ ਸਾਡੀ ਆਉਣ ਵਾਲੀ ਪੀੜ੍ਹੀ ਧਰਮ ਵਲੋਂ ਅਵੇਸਲੀ ਜਾਂ ਅਨਜਾਣ ਹੀ ਨਹੀਂ, ਬਲਕਿ ਘਿਰਨਾ ਕਰਨ ਲੱਗ ਪਈ ਹੈ ਤੇ ਅਪਣੇ ਆਪ ਨੂੰ ਸੋਸ਼ਲਿਸ਼ਟ ਤੇ ਕਮਿਊਨਿਸਟ (socialist and communist) ਅਖਵਾਉਣ ਵਿੱਚ ਫ਼ਖਰ ਸਮਝਦੀ ਹੈ ਤੇ ਨਾਸਤਿਕ ਬਣ ਰਹੀ ਹੈ ।



grandfather' and wastes his whole life like an animal in eating-drinking, working and sleeping, always a victim of suffering-affliction, worry-anxiety and is deprived of life of spiritual peace, love, affection, relish, joy.

1 *Without understanding, they are like beasts, engrossed in doubt, emotional attachment and Maya. (1300)*

Our know ledge can be divided into three parts—

1. 'Worldly' knowledge.
2. Religious knowledge.
3. Intuitional knowledge.

The whole world is engrossed in 'worldly knowledge' and is ignorant of or indifferent to religious knowledge. Only a few are inclined towards religious knowledge and they too are devoid of the 'intuitional spiritual knowledge'.

Thus we are all so involved in 'worldly' and 'religious' knowledge that we do not seem to have the need for 'intuitional spiritual knowledge', leave alone making an effort. This is despite the fact that the whole Gurbani is giving signal and motivation towards this intuitional spiritual knowledge. Thus (it seems) we are entangled in the 'skin' and 'kernel' of almonds and are uninformed about the essence-form- 'almond-oil'.

Worldly and religious knowledge being in the hue of egotism, are in the sphere of trigun (three phased maya). In the reflection of these, our life is 'one-sided' and incomplete. Thus becoming engrossed in pain-affliction, jealousy-duality, disease, worry, we are suffering and are deprived of Divine spiritual merits such as love, affection, relish, comfort, peace. For this reason to make our life complete and peaceful, intuitional spiritual knowledge is necessary in addition to the worldly and religious knowledge. Otherwise the reform of the present painful, mental, social, and spiritual condition of the world cannot take place.

Our present learning and social structure is dependent only on 'worldly' knowledge and the future generation is being galvanized completely with worldly knowledge. This is the reason that our future generation is not only indifferent and ignorant about religion but has started to show hatred and regarding itself as socialist and communist, is proud of it and is becoming atheist.

ਗੁਰਬਾਣੀ ਵਿਚ ਇਸ '**ਮਾਦੀ**' **ਪੜ੍ਹਾਈ** ਬਾਬਤ ਇਉਂ ਦਸਿਆ ਗਿਆ ਹੈ——

**ਪੜਿਐ ਮੈਲੁ ਨ ਉਤਰੈ** ਪੂਛਹੁ ਗਿਆਨੀਆ ਜਾਇ ॥ (ਪੰਨਾ-39)

ਪੜੀਐ ਗੁਣੀਐ ਕਿਆ ਕਥੀਐ ਜਾ **ਮੁੰਢਹੁ ਘੁਥਾ ਜਾਇ** ॥ (ਪੰਨਾ-68)

**ਦੂਜੈ ਭਾਇ ਪੜੈ ਨਹੀ ਬੂਝੈ ॥**
**ਤ੍ਰਿਬਿਧਿ ਮਾਇਆ ਕਾਰਣਿ ਲੂਝੈ ॥** (ਪੰਨਾ-127)

**ਤ੍ਰੈਗੁਣ ਪੜਹਿ ਹਰਿ ਏਕੁ ਨ ਜਾਣਹਿ**
**ਬਿਨੁ ਬੂਝੇ ਦੁਖੁ ਪਾਵਣਿਆ ॥** (ਪੰਨਾ-128)

ਤੀਨਿ ਭਵਨ ਮਹਿ ਏਕਾ ਮਾਇਆ ॥
**ਮੂਰਖਿ ਪੜਿ ਪੜਿ ਦੂਜਾ ਭਾਉ ਦ੍ਰਿੜਾਇਆ ॥** (ਪੰਨਾ-424)

ਪੜਹਿ ਗੁਣਹਿ ਤੂੰ ਬਹੁਤੁ ਪੁਕਾਰਹਿ **ਵਿਣੁ ਬੂਝੇ ਤੂੰ ਡੂਬਿ ਮੁਆ ॥** (ਪੰਨਾ-435)

ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ ॥......
**ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ॥** (ਪੰਨਾ-467)

**ਪੜਣਾ** ਗੁੜਣਾ ਸੰਸਾਰ ਕੀ ਕਾਰ ਹੈ ਅੰਦਰਿ ਤ੍ਰਿਸਨਾ ਵਿਕਾਰੁ ॥
**ਹਉਮੈ ਵਿਚਿ ਸਭਿ ਪੜਿ ਥਕੇ ਦੂਜੈ ਭਾਇ ਖੁਆਰੁ ॥** (ਪੰਨਾ-650)

**ਪੜਹਿ ਮਨਮੁਖ ਪਰੁ ਬਿਧਿ ਨਹੀ ਜਾਨਾ ॥**
**ਨਾਮੁ ਨ ਬੂਝਹਿ ਭਰਮਿ ਭੁਲਾਨਾ ॥** .....
ਸਿਮ੍ਰਿਤ ਸਾਸਤ੍ਰ ਪੜਹਿ ਪੁਰਾਣਾ ॥ **ਵਾਦੁ ਵਖਾਣਹਿ ਤਤੁ ਨ ਜਾਣਾ॥** (ਪੰਨਾ-1032)

ਬੇਦ ਪੜਹਿ **ਹਰਿ ਨਾਮ ਨ ਬੂਝਹਿ ॥**
**ਮਾਇਆ ਕਾਰਣਿ ਪੜਿ ਪੜਿ ਲੂਝਹਿ ॥** (ਪੰਨਾ-1050)

**ਮੂਰਖ ਦੁਬਿਧਾ ਪੜ੍ਹਹਿ ਮੂਲੁ ਨ ਪਛਾਣਹਿ**
**ਬਿਰਥਾ ਜਨਮੁ ਗਵਾਇਆ ॥** (ਪੰਨਾ-1133)

**ਤ੍ਰੈ ਗੁਣ ਸਭਾ ਧਾਤੁ ਹੈ ਪੜਿ ਪੜਿ ਕਰਹਿ ਵੀਚਾਰੁ ॥**
**ਮੁਕਤਿ ਕਦੇ ਨ ਹੋਵਈ ਨਹੁ ਪਾਇਨਿ੍ ਮੋਖ ਦੁਆਰ ॥** (ਪੰਨਾ-1277)

**ਸੋ ਪੜਿਆ ਸੋ ਪੰਡਿਤੁ ਬੀਨਾ ਜਿਨੀ ਕਮਾਣਾ ਨਾਉ ॥** (ਪੰਨਾ-1288)

**ਕਬੀਰ ਮੈ ਜਾਨਿਉ ਪੜਿਬੋ ਭਲੋ ਪੜਿਬੇ ਸਿਉ ਭਲ ਜੋਗੁ ॥** (ਪੰਨਾ-1366)

**ਦੂਜੇ** ਪਾਸੇ ਧਾਰਮਿਕ ਪੱਖ ਵਿਚ, ਇਤਨੀ ਗਿਲਾਨੀ ਤੇ **ਪਖੰਡ** ਆ ਵੜਿਆ ਹੈ, ਕਿ ਜਨਤਾ



Gurbani tells us about 'worldly' learning thus—

1 *This filth is not removed by studying. Go ahead, and ask the wise ones.* 39

2 *What is the point of reading, studying and debating, if one loses his roots?* 68

3 *One who reads while attached to duality, does not understand.*
*He yearns for the three-phased Maya.* 127

4 *They read of the three qualities, but they do not know the One Lord. Without understanding, they obtain only pain and suffering.* (128)

5 *Throughout the three worlds, is the one Maya.*
*The fool reads and reads, but holds tight to duality.* 424

6 *You read, and reflect, and proclaim out loud, but without understanding, you are drowned to death.* (435)

7 *You may read and read loads of books; you may read and study vast multitudes of books.....*
*O Nanak, only one thing is of any account: everything else is useless babbling and idle talk in ego.* 467

8 *Reading and studying are just worldly pursuits, if there is thirst and corruption within.*
*Reading in egotism, all have grown weary; through the love of materialism, they are ruined.* (650)

9 *The self-willed manmukhs read and study, but they do not know the way.*
*They do not understand the Naam, the Name of the Lord; they wander, deluded by doubt. …*
*They read the Simritees, the Shaastras and the Puraanas; they argue and debate, but do not know the essence of reality.* (1032)

10 *He may read the Vedas, but he does not realize the Lord's Name.*
For the sake of Maya, he reads and recites and argues. 1050

11 *The fools in duality read, but they do not understand anything; they waste their lives uselessly.* (1133)

12 *The three dispositions are completely distracting; people read and study and contemplate them.* 1277

13 *He alone is learned and wise, and he alone is a scholar, who practices the Name.* 1288

14 *Kabeer, at first, I thought learning was good; then I thought Yoga was better.* 1366

On the other hand, so much degradation and hypocrisy have penetrated the religious aspect that

ਨੂੰ ਧਰਮ ਵਲ ਪ੍ਰੇਰਨਾ ਦੇਣ ਦੀ ਬਜਾਏ, ਨਫਰਤ ਤੇ ਨਾਸਤਿਕਤਾ ਦਾ ਕਾਰਨ ਬਣ ਰਿਹਾ ਹੈ। ਜਿਨ੍ਹਾਂ ਕਰਮ-ਕਾਂਡ ਤੇ ਪਖੰਡ ਦੇ ਭਰਮ ਭੁਲੇਖਿਆਂ ਵਿਚੋਂ ਸਾਨੂੰ ਗੁਰੂ ਸਾਹਿਬਾਨ ਨੇ **ਕੱਢਿਆ ਸੀ,** ਅਸੀਂ ਉਨ੍ਹਾਂ ਹੀ ਭਰਮ-ਭੁਲੇਖਿਆਂ ਵਿਚ ਡਿੱਗ ਹੀ ਨਹੀਂ ਪਏ, ਬਲਕਿ **ਗਲਤਾਨ ਹੋ ਰਹੇ ਹਾਂ।**

ਇਸ ਲੇਖ ਦਾ ਇਹ ਮਤਲਬ ਨਹੀਂ ਕਿ ਅਸੀਂ 'ਮਾਦੀ' ਤੇ 'ਧਾਰਮਿਕ' ਵਿਦਿਆ ਪੜ੍ਹਨੀ ਹੀ ਨਹੀਂ। ਅਸੀਂ ਦੁਨੀਆਂ ਵਿਚ 'ਹੁਕਮ' ਅਨੁਸਾਰ ਵਿਚਰਨਾ ਹੈ, ਜਿਸ ਲਈ ਸਾਨੂੰ **ਲੋੜ ਅਨੁਸਾਰ ਇਸ ਦੁਨੀਆਂ ਦੀ ਜਾਣਕਾਰੀ ਲੋੜੀਂਦੀ ਹੈ।**

ਪ੍ਰਮਾਰਥਿਕ ਜੀਵਨ ਲਈ 'ਧਾਰਮਿਕ ਗਿਆਨ' ਭੀ ਲਾਜ਼ਮੀ ਹੈ। ਪਰ, ਇਥੇ ਚੰਗੀ ਤਰ੍ਹਾਂ ਸਮਝਣ ਅਤੇ ਦ੍ਰਿੜ੍ਹ ਕਰਨ ਵਾਲੀ ਗੱਲ ਇਹ ਹੈ ਕਿ ਇਹ ਦੋਵੇਂ ਗਿਆਨ, ਗੁਰਬਾਣੀ ਅਨੁਸਾਰ ਮਨੁੱਖ ਦੇ —

ਸਾਧਨ ਹਨ, **ਪੂਰਨਤਾ ਨਹੀਂ**<br>
ਪੌੜੀਆਂ ਦੇ ਟੰਬੇ ਹਨ, **'ਸਿਖਰ' ਨਹੀਂ**<br>
ਪੜਾਉ ਹਨ, **ਮੰਜ਼ਿਲ ਨਹੀਂ**<br>
ਕਲਾਸਾਂ ਹਨ, **ਡਿਗਰੀ ਨਹੀਂ।**

Worldly and religious knowledge are 'the means' and not the 'fulfilment' of the Soul.

ਸਾਡੀ ਮੌਜੂਦਾ ਅਧੋਗਤੀ ਦੇ ਕਾਰਨ ਦੀ ਗਹੁ ਨਾਲ ਖੋਜ ਕੀਤੀ ਜਾਵੇ ਤਾਂ ਇਹ ਗੱਲ ਸਹਿਜੇ ਹੀ ਉੱਘੜ ਕੇ ਸਾਹਮਣੇ ਆਵੇਗੀ ਕਿ ਅਸੀਂ 'ਮਾਦੀ' ਤੇ **'ਧਾਰਮਿਕ' ਦਿਮਾਗੀ ਗਿਆਨ ਨੂੰ ਹੀ 'ਮੰਜ਼ਿਲ', 'ਸਿਖਰ','ਪੂਰਨਤਾ' ਸਮਝੀ ਬੈਠੇ ਹਾਂ ਤੇ ਆਤਮਿਕ 'ਅਨੁਭਵੀ ਗਿਆਨ' ਵਾਲੀ ਉੱਚੀ-ਸੁੱਚੀ ਇਲਾਹੀ ਮੰਜ਼ਿਲ, ਸਿਖਰ, ਪੂਰਨਤਾ ਤੋਂ ਬੇਖਬਰ, ਅਨਜਾਣ ਜਾਂ ਜਾਣ-ਬੁੱਝ ਕੇ ਅਵੇਸਲੇ ਜਾਂ ਮਚਲੇ ਹੋਏ ਹਾਂ,** ਹਾਲਾਂਕਿ ਨਿੱਤ ਪੜ੍ਹਨ, ਸੁਣਨ ਅਤੇ ਗਾਉਣ ਦੁਆਰਾ **ਗੁਰਬਾਣੀ ਉਸ ਉੱਚੀ-ਸੁੱਚੀ ਇਲਾਹੀ ਆਤਮਿਕ ਅਵਸਥਾ ਵੱਲ ਧਿਆਨ ਦਿਵਾਉਂਦੀ ਤੇ ਪ੍ਰੇਰਦੀ ਰਹਿੰਦੀ ਹੈ।**

We have consciously or unconsciously become complacent or ignorant about the Divine heritage and destination of our Souls.

ਭਾਵੇਂ ਵਿਗਿਆਨੀਆਂ ਨੇ ਕੁਦਰਤ ਦੀ **ਡੂੰਘੀ ਖੋਜ ਕਰਕੇ** ਅਤਿ ਸੂਖਮ ਭੇਦਾਂ ਦੀ ਜਾਣਕਾਰੀ ਪ੍ਰਾਪਤ ਕੀਤੀ ਹੈ —ਪਰ ਇਹਨਾਂ ਪ੍ਰਾਪਤੀਆਂ ਦਾ ਵਿਕਾਸ **ਮਾਇਕੀ ਦੁਨੀਆਂ ਤਾਈਂ ਸੀਮਤ ਹੈ।**

ਆਤਮ ਮੰਡਲ ਦਾ 'ਅਨੁਭਵੀ ਗਿਆਨ' ਦਿਮਾਗੀ ਖੋਜ ਦੀ **ਪਕੜ ਅਥਵਾ ਪਹੁੰਚ ਤੋਂ ਪਰ੍ਹੇ ਹੈ।**



instead of motivating the masses towards religion, hatred and atheism have resulted. We have not only fallen into the doubt-fallacies of those rites-rituals and hypocrisies from which our gurus pulled us out, but we are indeed becoming engrossed in them.

The aim of this article is not that we should not acquire 'worldly' and 'religious' education. We have to abide in this world according to 'command' for which the required information of this world according to our needs is necessary.

For spiritual life 'religious knowledge' is compulsory. But the point here is that we have to understand well and ingrain in us that both types of knowledge are according to Gurbani man's ---

Means, not fulfillment

Rungs of adders, not 'peak'

Stages, not destination

Classes, not a degree.

Worldly and religious knowledge are 'the means' and not the 'fulfilment' of the soul.

If serious research is done of the cause of our present downfall, then it will easily become clear to us that we are indeed regarding 'worldly and religious' intellectual knowledge as 'destination, 'peak', 'fulfilment' and are uninformed, ignorant of the spiritual 'intuitional knowledge' of lofty-pure Divine destination, peak, fulfilment or are knowingly indifferent or feigning pretence. This is despite daily reading, listening and singing of Gurbani which directs our attention and motivates us towards that lofty-pure Divine spiritual stage.

We have consciously or unconsciously become complacent or ignorant about the Divine heritage and destination of our souls.

Although scientists having done intensive research of nature have acquired information of its subtle secrets, yet the utilitarian development of these discoveries is limited to the materialistic world only.

'Intuitional knowledge' of the spiritual realm is beyond the grasp and reach of intellectual research.

ਜਦ ਸਰੀਰ ਨੂੰ ਬਿਜਲੀ ਦੇ ਕਰੰਟ (current) ਦੀ 'ਛੋਹ' ਲਗਦੀ ਹੈ ਤਾਂ ਸਾਰੇ ਸਰੀਰ ਵਿਚ ਕੋਈ **ਥਰ-ਕੰਬਣੀ** (vibration) ਫਿਰ ਜਾਂਦੀ ਹੈ ਪਰ ਇਹ ਥਰ ਕੰਬਣੀ **ਹਾਨੀਕਾਰਕ** (destructive) **ਹੈ।**

ਇਸ ਦੇ ਉਲਟ ਜਦ ਅਨੁਭਵੀ **ਆਤਮਿਕ 'ਲਿਸ਼ਕ' ਅਥਵਾ 'ਸਬਦ' ਯਾ 'ਨਾਮ' ਦੇ ਪ੍ਰਕਾਸ਼ ਦਾ** ਝਲਕਾਰਾ ਸਾਡੇ ਮਨ ਤੇ ਪੈਂਦਾ ਹੈ ਤਾਂ ਤਨ, ਮਨ ਅਤੇ ਅੰਤ੍ਰ-ਆਤਮਾ ਵਿਚ ਕੋਈ **ਅਨੋਖੀ ਅਤੇ ਅਕਹਿ ਰੁਣ ਝੁਣ ਮਹਿਸੂਸ ਹੁੰਦੀ ਹੈ,** ਜੋ –

ਸੁਖ
ਸ਼ਾਂਤੀ
ਅਨੰਦ
ਪ੍ਰੀਤ
ਪਿਆਰ
ਪ੍ਰਿਮ-ਰਸ
ਚਾਉ
ਮਹਾਂ ਰਸ

**ਪ੍ਰਦਾਨ ਕਰਦੀ ਹੈ।**

ਪਰ ਇਸ **'ਰੁਣ ਝੁਣ' ਦੇ ਸੁਆਦ ਅਤੇ ਰਸ ਨੂੰ ਅੱਖਰਾਂ ਯਾ ਬੋਲੀ ਵਿਚ ਬਿਆਨਿਆ ਨਹੀਂ ਜਾ ਸਕਦਾ।**

ਜਹਾ ਬੋਲ ਤਹ ਅਛਰ ਆਵਾ ॥
ਜਹ ਅਬੋਲ ਤਹ ਮਨੁ ਨ ਰਹਾਵਾ ॥
ਬੋਲ ਅਬੋਲ ਮਧਿ ਹੈ ਸੋਈ ॥
**ਜਸ ਓਹੁ ਹੈ ਤਸ ਲਖੈ ਨ ਕੋਈ ॥** (ਪੰਨਾ-340)

ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ ॥ (ਪੰਨਾ-1370)

ਇਸ ਅਲੌਕਿਕ ਆਤਮਿਕ **'ਰੁਣ ਝੁਣ' ਨੂੰ ਮਹਿਸੂਸ ਕਰਨਾ ਅਥਵਾ ਮਾਨਣਾ ਹੀ ਆਤਮਿਕ ਦਾਤ ਅਥਵਾ 'ਨਾਮ' ਅਥਵਾ 'ਸਬਦ' ਦਾ ਬੁੱਝਣਾ, ਸੀਝਣਾ, ਚੀਨਣਾ ਅਤੇ ਪਹਿਚਾਨਣਾ ਕਿਹਾ ਜਾਂਦਾ ਹੈ।**

ਕਿਤਨੀ ਹੈਰਾਨੀ ਵਾਲੀ ਅਤੇ ਅਫਸੋਸ ਦੀ ਗੱਲ ਹੈ ਕਿ ਕਈ ਜਨਮਾਂ ਤੋਂ ਪ੍ਰਮਾਰਥ ਦੀ ਬਾਬਤ ਗਿਆਨ—

ਪੜ੍ਹਦਿਆਂ-ਪੜ੍ਹਾਉਂਦਿਆਂ
ਸੁਣਦਿਆਂ-ਸੁਣਾਉਂਦਿਆਂ
ਕਥਾ-ਵਾਰਤਾ ਕਰਦਿਆਂ



When the body comes into contact with electric current, then some vibration passes through it but this vibration is destructive.

Contrary to this, when the glitter of the illumination of intuitional spiritual 'shine' or 'shabad' or 'Naam' falls on the mind, then in the body, mind and innermost consciousness some strange and indescribable sweet jingling sound is felt which gives—

Comfort
Peace
Bliss
Love
Affection
Love-relish
Joy
Great relish.

But the taste and relish of this 'sweet jingling sound' cannot be described with words or language.

1 *Wherever there is speech, there are letters.*
*Where there is no speech, there, the mind rests on nothing.*
*He is in both speech and silence.*
*No one can know Him as He is.* 340

2 *I cannot describe its sublime glory; it has to be seen to be appreciated. (1370)*

Feeling or enjoying this supernatural spiritual 'sweet jingling sound' is indeed the discovery, research, discernment, recognition of the spiritual gift or 'Naam' or 'shabad'(word).

How amazing and regretful it is that from many births having—

Learned or taught
Heard or related
Given discourses

about the information of spiritual path and

ਉਪਦੇਸ਼ ਕਰਦਿਆਂ
ਗਿਆਨ ਘੋਟਦਿਆਂ
ਕਰਮ-ਕਾਂਡ ਕਰਦਿਆਂ

ਹੁੰਦਿਆਂ ਭੀ, ਗੁਰਬਾਣੀ ਵਿਚ ਦਰਸਾਈ **ਆਤਮਿਕ ਗਿਆਨ ਦੀ ਸਚਾਈ—**

'ਗੁਰੁ ਮੇਰੇ ਸੰਗਿ ਸਦਾ ਹੈ ਨਾਲੇ'
'ਹਾਥ ਪੈ ਨੇਰੈ'
'ਨਾਲ ਹੋਵੰਦਾ ਲਹਿ ਨ ਸਕੰਦਾ'
'ਵਸਹਿ ਜੀਅ ਨਾਲੇ'
ਲਾਡ-ਲਡਾਉਂਦਿਆਂ
ਖੇਲ-ਖਿਲਾਉਂਦਿਆਂ
'ਪ੍ਰਤਿਪਾਲੈ ਨਿਤ ਸਾਰ ਸਮਾਲੈ'

ਨੂੰ ਅਸੀਂ **ਬੁੱਝ, ਸੀਝ, ਚੀਨ, ਜਾਣ ਅਤੇ ਪਹਿਚਾਣ ਨਹੀਂ ਸਕੇ ਅਥਵਾ ਜੀਵਨ ਦੇ ਨਿਜੀ ਤਜਰਬੇ ਵਿਚ ਮਾਣ ਨਹੀਂ ਸਕੇ** !!!

**ਹਉਮੈ ਵਡਾ ਗੁਬਾਰੁ ਹੈ ਹਉਮੈ ਵਿਚਿ ਬੁਝਿ ਨ ਸਕੈ ਕੋਇ ॥** (ਪੰਨਾ-560)

ਜਗਿਆਸੂ ਦੀ ਇਸ 'ਅਧੋਗਤੀ' ਅਥਵਾ **'ਹਉਕੇ'** ਨੂੰ ਗੁਰਬਾਣੀ ਵਿਚ ਇਉਂ ਦਰਸਾਇਆ ਗਿਆ ਹੈ—

**ਸੇਜੈ ਰਮਤੁ ਨੈਨ ਨਹੀ ਪੇਖਉ ਇਹੁ ਦੁਖੁ ਕਾ ਸਉ ਕਹਉ ਰੇ ॥** (ਪੰਨਾ-482)
ਏਕਾ ਸੇਜ ਵਿਛੀ ਧਨ ਕੰਤਾ ॥ ਧਨ ਸੂਤੀ ਪਿਰੁ ਸਦ ਜਾਗੰਤਾ ॥ (ਪੰਨਾ-737)
**ਨਾਲਿ ਹੋਵੰਦਾ ਲਹਿ ਨ ਸਕੰਦਾ ਸੁਆਉ ਨ ਜਾਣੈ ਮੂੜਾ ॥** (ਪੰਨਾ 924)
ਪਿਰਿ ਛੋਡੀ ਸੁਤੀ ਅਵਗਣਿ ਮੁਤੀ ਤਿਸੁ ਧਨ ਵਿਧਣ ਰਾਤੇ ॥ (ਪੰਨਾ-1111)

ਅਸੀਂ ਆਪਣੀ ਤੀਖਣ ਬੁੱਧੀ ਨਾਲ ਮਾਇਕੀ ਅਥਵਾ ਮਾਦੀ **ਕੁਦਰਤ ਦੀ ਬਾਹਰਮੁਖੀ ਖੋਜ ਵਿਚ ਇਤਨੇ ਖੁੱਭੇ ਅਥਵਾ ਮਸਤ ਹੋਏ ਹਾਂ ਕਿ ਅੰਤ੍ਰ-ਮੁਖੀ ਆਤਮਿਕ ਖੋਜ ਦੀ ਸਾਨੂੰ ਲੋੜ ਹੀ ਨਹੀਂ ਭਾਸਦੀ ਅਤੇ ਨਾ ਹੀ ਫੁਰਸਤ ਹੈ** !!!

ਆਤਮਿਕ ਮੰਡਲ ਦੇ **'ਝਲਕਾਰੇ'** ਅਥਵਾ **'ਛੋਹ'** ਦੇ ਅਸਰ ਯਾ ਰਸ **ਨੂੰ ਅੱਖਰਾਂ ਯਾ ਬੋਲੀ ਵਿਚ ਬਿਆਨ ਨਹੀਂ ਕੀਤਾ ਜਾ ਸਕਦਾ**—ਪਰ ਗੁਰਬਾਣੀ ਵਿਚ ਇਸ **ਅਨੋਖੇ ਆਤ-ਮਿਕ ਤਜਰਬੇ ਨੂੰ** ਇਉਂ ਬਿਆਨ ਕੀਤਾ ਗਿਆ ਹੈ—

**ਰੁਣ ਝੁਣੋ ਸਬਦੁ ਅਨਾਹਦੁ ਨਿਤ ਉਠਿ ਗਾਈਐ ਸੰਤਨ ਕੈ ॥**
ਕਿਲਵਿਖ ਸਭਿ ਦੋਖ ਬਿਨਾਸਨੁ ਹਰਿ ਨਾਮੁ ਜਪੀਐ ਗੁਰ ਮੰਤਨ ਕੈ ॥ (ਪੰਨਾ-925)
**ਮੋਰੀ ਰੁਣ ਝੁਣ ਲਾਇਆ ਭੈਣੇ ਸਾਵਣੁ ਆਇਆ ॥**
**ਤੇਰੇ ਮੁੰਧ ਕਟਾਰੇ ਜੇਵਡਾ ਤਿਨਿ ਲੋਭੀ ਲੋਭ ਲੁਭਾਇਆ ॥** (ਪੰਨਾ-557)
**ਤਹ ਅਨਦ ਬਿਨੋਦ ਸਦਾ ਅਨਹਦ ਝੁਣਕਾਰੋ ਰਾਮ ॥**
**ਮਿਲਿ ਗਾਵਹਿ ਸੰਤ ਜਨਾ ਪ੍ਰਭ ਕਾ ਜੈਕਾਰੋ ਰਾਮ ॥**
ਮਿਲਿ ਸੰਤਿ ਗਾਵਹਿ ਖਸਮ ਭਾਵਹਿ ਹਰਿ ਪ੍ਰੇਮ ਰਸ ਰੰਗ ਭਿੰਨੀਆ ॥ (ਪੰਨਾ-545)
**ਅਨਹਦੋ ਅਨਹਦੁ ਵਾਜੈ ਰੁਣ ਝੁਣਕਾਰੇ ਰਾਮ ॥**
**ਮੇਰਾ ਮਨੋ ਮੇਰਾ ਮਨੁ ਰਾਤਾ ਲਾਲ ਪਿਆਰੇ ਰਾਮ ॥** (ਪੰਨਾ-436)



Having advised others of this
Having repeated this knowledge
Having indulged in rites-rituals

we have not been able to discover, research, discern, know and recognize the truth of spiritual knowledge or enjoy the personal experiences of life narrated in Gurbani such as—

'My Guru is always with me, near at hand.'
'(the Lord) is nearer than our own hands and feet.'
'He is with all, he cannot be separaated'
'He dwells within my soul'
'playfully cuddles' us
Plays with us
'He ever cherishes and cares for all beings'

1 *Egotism is total darkness; in egotism, no one can understand anything.* *(560)*

This 'plight' or 'bemoaning' of a truth-seeker is described in Gurbani thus—

2 *He rests in the bed of my mind, but I cannot see Him with my eyes. Unto whom should I tell my sufferings?* *(482)*

3 *One bed is spread out for the bride and her Husband Lord. The bride is asleep, while her Husband Lord is always awake.* *(737)*

4 *He is with all, but he cannot be found; the fool does not know His taste. 924*

5 *Leaving her Husband Lord, she sleeps, and is plundered by her faults and demerits. The night is so painful for this bride.* *(1111)*

With our sharp intellect, we are so entrenched or intoxicated in the outward research of the materialistic or worldly nature that we do not feel the need to carry out inward spiritual research nor do we have the time to spare!!!

The effect or relish of the 'sparkle' or 'touch' of the spiritual realm cannot be described in words or language—but in Gurbani this strange and rare experience is described as follows—

6 *Rise early each morning, and with the Saints, sing the melodious harmony, the unstruck sound current of the Shabad.*
*All sins and sufferings are erased, chanting the Lord's Name, under Guru's Instructions.* *(925)*

7 *The peacocks are singing so sweetly, O sister; the rainy season of Saawan has come.*
*Your beauteous eyes are like a string of charms, fascinating and enticing the soul-bride.* *(557)*

8 *There is bliss and ecstasy there always, and the unstruck celestial melody resounds there.*
*Meeting together, the Saints sing God's Praises, and celebrate His Victory.*
*Meeting together, the Saints sing the Praises of the Lord Master; they are pleasing to the Lord, and saturated with the sublime essence of His love and affection.* *(545)*

9 *The unstruck melody of the sound current resounds with the vibrations of the celestial instruments.*
*My mind, my mind is imbued with the Love of my Darling Beloved.* *(436)*

ਪ੍ਰਭ ਕੈ ਸਿਮਰਨਿ ਅਨਹਦ ਝੁਨਕਾਰ ॥ (ਪੰਨਾ-263)

ਅਨਹਦ ਰੁਣ ਝੁਣਕਾਰੁ ਸਦਾ ਧੁਨਿ ਨਿਰਭਉ ਕੈ ਘਰਿ ਵਾਇਦਾ ॥ (ਪੰਨਾ-1033)

ਮਾਈ ਰੀ ਪੇਖਿ ਰਹੀ ਬਿਸਮਾਦ ॥
**ਅਨਹਦ ਧੁਨੀ ਮੇਰਾ ਮਨੁ ਮੋਹਿਓ ਅਚਰਜ ਤਾ ਕੇ ਸ੍ਵਾਦ ॥** (ਪੰਨਾ-1226)

ਹਾਂ ਜੀ, ਸਾਡੇ ਮਨ-ਤਨ ਤੇ ਜੋ **'ਆਤਮਿਕ ਛੋਹ' ਦਾ ਸੋਹਣਾ, ਮਿਠਾ, ਬਿਸਮਾਦੀ ਅਸਰ ਹੁੰਦਾ ਹੈ,** ਉਸ ਨੂੰ—

ਰੁਣ ਝੁਣ
ਥਰ ਕੰਬਣੀ
ਅਨਹਦ ਝੁਣਕਾਰ
ਅਨਹਦ ਧੁਨੀ
ਅਨਹਦ ਬਾਣੀ
ਅਨਹਦ ਨਾਦ
ਅਨਹਦ ਸਬਦ

**ਕਿਹਾ ਗਿਆ ਹੈ** ਅਤੇ **ਇਸ ਦੇ ਅੰਤ੍ਰ-ਆਤਮੇ 'ਅਨੁਭਵੀ ਨਿਜੀ ਤਜਰਬੇ' ਨੂੰ—**

ਬੁੱਝਣਾ
ਸੀਝਣਾ
ਚੀਨਣਾ
ਪਹਿਚਾਨਣਾ
ਜਾਣਨਾ

**ਕਿਹਾ ਜਾਂਦਾ ਹੈ।**

**ਪਰ,** ਇਹ **ਅੰਤ੍ਰ-ਆਤਮੇ ਦੀ ਖੇਲ—**

ਨਿਰਾਲੀ ਹੈ
ਵਿਲੱਖਣ ਹੈ
ਅਚਰਜ ਹੈ
ਅੰਤ੍ਰ-ਮੁਖੀ ਹੈ
ਬਿਸਮਾਦੀ ਹੈ
ਨਾਮ-ਖੁਮਾਰੀ ਹੈ
ਆਤਮ ਮਹਾਂ ਰਸ ਹੈ
ਆਤਮ ਰੰਗ ਹੈ

ਅਤੇ ਇਹ **ਵਿਲੱਖਣ ਤੇ ਅਚਰਜ ਖੇਲ ਬਾਹਰਮੁਖੀ** ਸਮਝੇ ਅਤੇ ਜਾਣੇ ਹੋਏ ਖਿਆਲਾਂ ਅਤੇ ਨਿਸਚਿਆਂ ਦੇ **ਦਿਮਾਗੀ ਗਿਆਨ ਦੇ ਐਨ ਉਲਟ ਯਾ ਮੁਤਜ਼ਾਦ ਹੈ।**

**ਅਨੁਭਵੀ ਆਤਮਿਕ ਤਜਰਬੇ ਤੋਂ ਬਿਨਾਂ ਸਾਰਾ ਸੰਸਾਰ ਹੀ ਮਾਇਕੀ ਅਗਿਆਨਤਾ ਅਥਵਾ ਭਰਮ-ਗੜ ਵਿਚ ਹੀ ਵਿਚਰਦਾ ਤੇ ਗਲਤਾਨ ਰਹਿੰਦਾ ਹੈ—**

ਜਬ ਲਗੁ ਹੁਕਮੁ ਨ ਬੂਝਤਾ ਤਬ ਹੀ ਲਉ ਦੁਖੀਆ ॥
ਗੁਰ ਮਿਲਿ ਹੁਕਮੁ ਪਛਾਣਿਆ ਤਬ ਹੀ ਤੇ ਸੁਖੀਆ ॥ (ਪੰਨਾ-400)
**ਇਹ ਜਗਤੁ ਭਰਮਿ ਭੁਲਾਇਆ ਵਿਰਲਾ ਬੂਝੈ ਕੋਇ ॥** (ਪੰਨਾ-558)
**ਮਾਨੁਖੁ ਬਿਨੁ ਬੂਝੇ ਬਿਰਥਾ ਆਇਆ ॥**
ਅਨਿਕ ਸਾਜ ਸੀਗਾਰ ਬਹੁ ਕਰਤਾ ਜਿਉ ਮਿਰਤਕੁ ਓਢਾਇਆ ॥ (ਪੰਨਾ-712)
**ਬਿਨੁ ਬੂਝੇ ਸਭੁ ਦੁਖੁ ਦੁਖੁ ਕਮਾਵਣਾ ॥** (ਪੰਨਾ-752)



1 *Remembering God, the unstruck melody vibrates.* (263)

2 *The sweet, melodious, unstruck sound current vibrates continuously in the home of the fearless Lord.* (1033)

3 *O mother, I am wonder-struck, gazing upon the Lord.*
*My mind is enticed by the unstruck celestial melody; its flavor is amazing!* (1226)

Yes, the beautiful sweet wonderful effect of the 'spiritual touch' that takes place on our mind - body is said to be-

Celestial music
Vibration
Unstruck tinkling, jingling
Unstruck sound current
Unspoken language
Unstruck mystic sound
Unstruck word

and the 'intuitional' personal experience in the inner-most consciousness is referred to as –

Discovering
fulfilment Researching
comprehending
Recognising
Knowing.

But this play of inner-most consciousness—

Is extraordinary
Is distinct
Is wondrous
Is innate
Is amazing
Is an intoxication of Naam
Is a great spiritual relish
Is spiritual love

and this distinct and wondrous play is contrary and opposite to the outwardly understood and known thoughts and beliefs of intellectual knowledge.

Without intuitional spiritual experience the whole world is abiding and engrossed in materialistic ignorance or in the stronghold of illusion—

4 *As long as he does not understand the Command of God's Will, he remains miserable.*
*Meeting with the Guru, he comes to recognize God's Will, and then, he becomes happy.* (400)

5 *This world is deluded by doubt; how rare are those who understand this.* 558

6 *Without understanding, his coming into the world is useless.*
*He puts on various ornaments and many decorations, but it is like dressing a corpse.* 712

7 *Without understanding, everything is suffering, earning only more suffering.* 752